# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 04 ਜੁਲਾਈ 2025 ਦਿਨ ਸ਼ੁੱਕਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਰੁੱਕਸਾਈਡ ਗੁਰਦੁਆਰਾ ਸਾਹਿਬ ਸਰੀ ਵਿਖੇ 'ਕੈਨੇਡਾ ਡੇ' ਬੜੇ ਉਤਸ਼ਾਹ ਨਾਲ ਮਨਾਇਆ ਗਿਆ

ਵਰਲਡ ਪੰਜਾਬੀ ਟਾਈਮਜ਼ — ਹਰਦਮ ਮਾਨ



ਸਰੀ, 4 ਜੁਲਾਈ :ਬਰੁੱਕਸਾਈਡ ਗੁਰਦੁਆਰਾ ਸਾਹਿਬ ਸਰੀ ਦੀ ਸੰਗਤ, ਪ੍ਰਬੰਧਕ ਕਮੇਟੀ ਦੇ ਸੇਵਾਦਾਰਾਂ ਅਤੇ ਬੱਚਿਆਂ ਨੇ ਰਲ ਮਿਲ ਕੇ ਕੈਨੇਡਾ ਦਾ 158ਵਾਂ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ। 'ਦੇਹ ਸਿਵਾ ਬਰੁ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਅਤੇ ਕੈਨੇਡਾ ਦੇ ਕੌਮੀ ਗੀਤ 'ਓ ਕੈਨੇਡਾ' ਦਾ ਸੰਗਤੀ ਰੂਪ ਵਿਚ ਗੁਣਗਾਣ ਕੀਤਾ ਗਿਆ। ਗਿਆਨੀ ਸਤਿਵਿੰਦਰਪਾਲ ਸਿੰਘ ਨੇ ਕੈਨੇਡਾ ਦੀ ਖੁਸ਼ਹਾਲੀ ਤੇ ਚੜ੍ਹਦੀ ਕਲਾ ਲਈ ਅਰਦਾਸ ਬੇਨਤੀ ਕੀਤੀ।

ਹਾਜਰ ਸੰਗਤ ਨੇ ਕੇਕ ਕੱਟ ਕੇ ਲੋੜ ਅਨੁਸਾਰ ਭੋਜਨ ਛਕ ਕੇ ਖੁਸ਼ੀਆਂ ਨੂੰ ਚਾਰ ਚੰਨ ਲਾਏ ਤੇ ਕੈਨੇਡਾ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ। ਇਹ ਕਾਮਨਾ ਕੀਤੀ ਗਈ ਕਿ ਜਿਨ੍ਹਾਂ ਉਮੀਦਾਂ ਨਾਲ ਉਹਨਾਂ ਨੇ ਕੈਨੇਡਾ ਨੂੰ ਆਪਣਾ ਦੇਸ ਅਪਣਾਇਆ ਹੈ ਪ੍ਰਮਾਤਮਾ ਉਨ੍ਹਾਂ ਤੇ ਕੋਈ ਆਂਚ ਨਾ ਆਉਣ ਦੇਵੇ ਤੇ ਆਪਣੀ ਮਿਹਰ ਨਾਲ ਪੂਰੀਆਂ ਕਰੇ। ਹਰ ਇਕ ਕੈਨੇਡੀਅਨ ਇਕ ਦੂਜੇ ਦੀ ਫਰਾਖ਼ਦਿਲੀ ਦੀ ਚਾਦਰ ਹੇਠਾਂ ਮੌਲਿਕ ਆਜ਼ਾਦੀ ਅਤੇ ਆਪਣੀ ਵਿਰਾਸਤ ਦਾ ਨਿੱਘ ਮਾਣਦੇ ਹੋਏ ਆਪਣੀਆਂ ਹਰ ਆਸਾਂ ਪੂਰੀਆਂ ਕਰ ਸਕਣ। ਕੈਨੇਡਾ ਦੇ ਇਸ ਜਨਮ ਦਿਨ 'ਤੇ ਕਾਮਨਾ ਹੈ ਕਿ ਕੈਨੇਡਾ ਦੇ ਸਾਰੇ ਸੂਬਿਆਂ ਵਿਚ ਆਪਸੀ ਪ੍ਰਸਪਰ ਵਪਾਰ ਦੇ ਰਾਹ ਖੁੱਲ੍ਹਣ ਅਤੇ ਅੰਤਰਾਸ਼ਟਰੀ ਪੱਧਰ 'ਤੇ ਟੈਰਿਫ ਆਦਿ ਦੇ ਕਾਲੇ ਬੱਦਲ ਜੋ ਕੈਨੇਡਾ ਅਮਰੀਕਾ ਉਪਰ ਛਾਏ ਹੋਏ ਹਨ ਜਲਦੀ ਹੀ ਸਮਾਪਤ ਹੋ ਜਾਣ।

## 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਸਬੰਧੀ ਤਿਆਰੀ ਕਰਦੇ ਹੋਏ ਫੀਲਡ ਮੁਲਾਜ਼ਮ

### *ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਝੰਡੇ ਹੇਠ ਸਮੂਲੀਅਤ ਦਾ ਫੈਸਲਾ*

ਵਰਲਡ ਪੰਜਾਬੀ ਟਾਈਮਜ਼ — ਗੁਰਪ੍ਰੀਤ ਚਹਿਲ



ਬਠਿੰਡਾ 4 ਜੁਲਾਈ : ਕੇਂਦਰੀ ਟਰੇਡ ਜਥੇਬੰਦੀਆਂ ਮੁਲਾਜ਼ਮ ਫੈਡਰੇਸ਼ਨਾਂ, ਆਜਾਦ ਜਥੇਬੰਦੀਆਂ ਦੇ ਸੱਦੇ 09 ਜੁਲਾਈ ਨੂੰ ਕੇਂਦਰ ਦੀ ਮੋਦੀ ਸਰਕਾਰ ਦੀਆਂ ਫਾਸ਼ੀਵਾਦੀ ਅਤੇ ਮਜ਼ਦੂਰ, ਮੁਲਾਜ਼ਮ, ਕਿਸਾਨ ਅਤੇ ਹੋਰ ਕਿਰਤੀ ਵਰਗ ਦੇ ਵਿਰੋਧੀ ਆਰਥਿਕ ਨੀਤੀਆਂ ਦੇ ਖਿਲਾਫ ਦੇਸ਼ ਵਿਆਪੀ ਹੜਤਾਲ ਜਿੱਥੇ ਕੇਂਦਰ ਦੀ ਮੋਦੀ ਸਰਕਾਰ ਦੇ ਖਿਲਾਫ ਕੀਤੀ ਜਾ ਰਹੀ ਹੈ। ਉੱਥੇ ਪੰਜਾਬ ਅੰਦਰ ਭਗਵੰਤ ਮਾਨ ਦੀ ਅਗਵਾਈ ਹੇਠ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਪਣਾਈਆਂ ਜਾ ਰਹੀਆਂ ਮਜ਼ਦੂਰ, ਮੁਲਾਜ਼ਮ,ਕਿਸਾਨ ਅਤੇ ਹੋਰ ਕਿਰਤੀ ਵਰਗ ਵਿਰੋਧੀ ਨੀਤੀਆਂ ਦੇ ਖਿਲਾਫ ਵੀ ਕੀਤੀ ਜਾ ਰਹੀ ਹੈ। ਜਿਸ ਦੀ ਤਿਆਰੀ ਸਬੰਧੀ ਅੱਜ ਮੀਟਿੰਗ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਤੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਮੌੜ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੇ ਦਫਤਰ ਬਠਿੰਡਾ ਵਿਖੇ ਹੋਈ ਜਿਸ ਵਿੱਚ ਪੀ ਐਸ ਐਸ ਐਫ ਦੇ ਜਿਲਾ ਪ੍ਰਧਾਨ ਹਰਨੇਕ ਸਿੰਘ ਗਹਿਰੀ ਸੁਬਾਈ ਆਗੂ ਦਰਸ਼ਨ ਸ਼ਰਮਾ,ਸੁਖਚੈਨ ਸਿੰਘ, ਲਖਬੀਰ ਸਿੰਘ ਭਾਗੀਬਾਂਦਰ ਜਿਲਾ ਕਮੇਟੀ ਆਗੂ ਹੰਸਰਾਜ ਬੀਜਵਾ ਕਿਸ਼ੋਰ ਚੰਦ ਗਾਜ,ਧਰਮ ਸਿੰਘ ਕੋਠਾ ਗੁਰੂ,ਬਲਜਿੰਦਰ ਸਿੰਘ,ਗੁਰਜੰਟ ਸਿੰਘ ਮਾਨ,ਜੀਤਰਾਮ ਦੋਦੜਾ, ਗੁਰਚਰਨ ਸਿੰਘ ਜੌੜਕੀਆਂ,ਪਰਮਜੀਤ ਸਿੰਘ, ਸੁਨੀਲ ਕੁਮਾਰ ਅਤੇ ਹੋਰ ਆਗੂ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਮੁਲਾਜ਼ਮ ਮਜ਼ਦੂਰ ਵਿਰੋਧੀ ਸਰਕਾਰਾਂ ਦੇ ਖਿਲਾਫ 9 ਜੁਲਾਈ ਨੂੰ ਫੀਲਡ ਦੇ ਸਮੁੱਚੇ ਮੁਲਾਜ਼ਮ ਹੜਤਾਲ ਸਬੰਧੀ ਪੰਜਾਬ ਵਾਟਰ ਸਪਲਾਈ ਐਂਡ ਸੀਵਰੇਜ ਬੋਰਡ ਦਫਤਰ ਭਾਗੂ ਰੋਡ ਬਠਿੰਡਾ ਵਿਖੇ ਇਕੱਤਰ ਹੋ ਕੇ ਰੋਸ ਮੁਜ਼ਾਹਰਾ ਕਰਨਗੇ ਜਥੇਬੰਦੀ ਆਗੂਆਂ ਨੇ ਪੰਜਾਬ ਸਰਕਾਰ ਮੰਗ ਕੀਤੀ ਕਿ ਹਰ ਤਰ੍ਹਾਂ ਦੇ ਦਿਹਾੜੀਦਾਰ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ ਅਤੇ ਉਹਨਾਂ ਦੀਆਂ ਉਜਰਤਾਂ ਦੇ ਵਿੱਚ ਵਾਧਾ ਕੀਤਾ ਜਾਵੇ ਪੇ ਕਮਿਸ਼ਨ ਦੇ ਬਕਾਏ ਇਕੱਠੇ ਦਿੱਤੇ ਜਾਣ,ਰਹਿੰਦੀਆਂ ਡੀਏ ਦੀਆਂ ਕਿਸਤਾਂ ਦੇ ਕੇ ਉਨਾਂ ਦੇ ਬਕਾਏ ਤੁਰੰਤ ਦਿੱਤੇ ਜਾਣ, ਠੇਕੇਦਾਰੀ ਸਿਸਟਮ ਬੰਦ ਕਰਕੇ ਮਹਿਕਮਿਆ ਵਿੱਚ ਰੈਗੂਲਰ ਭਰਤੀ ਕੀਤੀ ਜਾਵੇ। ਜਥੇਬੰਦੀ ਦੇ ਆਗੂ ਬਲਰਾਜ ਸਿੰਘ ਮੌੜ, ਤੇ ਸੁਖਚੈਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸੀਵਰੇਜ ਬੋਰਡ ਦੀਆਂ ਮੰਗਾਂ ਨੂੰ ਲੈ ਕੇ ਜਿੱਥੇ ਮੁੱਖ ਕਾਰਜਕਾਰੀ ਅਫਸਰ ਚੰਡੀਗੜ੍ਹ ਖਿਲਾਫ 15 ਜੁਲਾਈ ਨੂੰ ਰੋਸ ਧਰਨਾ ਦੇਣਾ ਹੈ ਅਤੇ ਸੂਬਾ ਕਮੇਟੀ ਤੇ ਫੈਸਲਿਆਂ ਅਨੁਸਾਰ ਸਰਕਲ ਪੱਧਰੀ ਧਰਨਿਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਬਣਦਾ ਦਾ ਕੋਟਾ ਲਾਇਆ ਗਿਆ।

## ਨਾਟ-ਘਰ ਤੇ ਲਾਇਬ੍ਰੇਰੀ ਦੀ ਉਸਾਰੀ ਲਈ ਨਿੱਘੀ ਅਪੀਲ :- ਅਦਾਕਾਰਾ ਦਲਜਿੰਦਰ ਡਾਲਾ

ਵਰਲਡ ਪੰਜਾਬੀ ਟਾਈਮਜ਼



ਮੋਗਾ 4 ਜੁਲਾਈ : ਅੱਜ ਸਹੀਦ ਭਗਤ ਸਿੰਘ ਕਲਾਂ ਮੰਚ ਚੜਿੱਕ ਮੋਗਾ ਵੱਲੋ ਮੀਟਿੰਗ ਕੀਤੀ ਗਈ । ਇਸ ਮੀਟਿੰਗ ਦੀ ਪ੍ਰਧਾਨਗੀ ਰੰਗਮੰਚ ਦੀ ਉੱਘੀ ਅਦਾਕਾਰਾ ਦਲਜਿੰਦਰ ਡਾਲਾ ਵੱਲੋ ਕੀਤੀ ਗਈ, ਇਸ ਮੀਟਿੰਗ ਦਰਮਿਆਨ ਪੰਜਾਬ ਦੇ ਰੰਗਮੰਚ ਤੇ ਜੋ ਸਾਨੂੰ ਸੱਭਿਆਚਾਰ ਪਰੋਸਿਆ ਜਾ ਰਿਹਾ , ਉਸ ਦਾ ਬਦਲਵਾ ਰੂਪ ਕੀ ਹੋਵੇਗਾ ਕਿ ਪੰਜਾਬ ਦੀ ਜਵਾਨੀ ਆਪਣੀ ਮਿੱਟੀ ,ਸੱਭਿਆਚਾਰ ਤੇ ਸਾਡੇ ਮਹਾਨ ਸਹੀਦਾ ਦੇ ਵਿਚਾਰਾ ਨੂੰ ਨਾ ਭੁੱਲਣ ਆਪਣੀ ਵਿਰਾਸਤ ਤੇ ਇਤਿਹਾਸ ਨਾਲ ਜੁੜੇ ਰਹਿਣ , ਅਜਿਹੇ ਨਾਟਕ ਸਾਨੂੰ ਸਕੂਲਾਂ,ਕਾਲਜਾ , ਸੱਥਾ ਤੇ ਪਿੰਡਾਂ ਤੱਕ ਲੈ ਕੇ ਜਾਣੇ ਚਾਹੀਦੇ ਨੇ ਤਾਂ ਕਿ ਪੰਜਾਬ ਦੀ ਜਵਾਨੀ ਨਸ਼ਿਆ 'ਚ ਪੈ ਕੇ ਆਪਣੇ ਆਪ ਨੂੰ ਬਿਮਾਰ ਨਾ ਸਮਝੇ ਭਲਕੇ ਸ਼ਹੀਦਾਂ ਦੇ ਸੁਪਨਿਆ ਨੂੰ ਪੂਰਾ ਕਰਨ ਬਾਰੇ ਸੋਚੇ ।

ਇਸ ਮੌਕੇ ਤੇ ਡਾਲਾ ਨੇ ਆਖਿਆ ਕਿ ਪਿੰਡ ਚੜਿੱਕ ਵਿੱਚ ਸਾਡੇ ਕੋਲ 15 ਮਰਲੇ ਦਾ ਪਲਾਟ ਪਿਆ ਹੈ ਜੋ ਸਾਨੂੰ ਮਰਹੂਮ ਸ੍ਰੀ ਕੇਵਲ ਕ੍ਰਿਸ਼ਨ ਬਾਂਸਲ ਦੀ ਯਾਦ ਵਿੱਚ ਉਹਨਾ ਦੇ ਪਰਿਵਾਰ ਵੱਲੋ ਸ਼ਹੀਦ ਭਗਤ ਸਿੰਘ ਕਲਾਂ ਮੰਚ ਨੂੰ ਨਾਟਘਰ ਤੇ ਲਾਇਬ੍ਰੇਰੀ ਉਸਾਰਨ ਲਈ ਕਿਸਾਨ ਮਜਦੂਰ ਇਨਕਲਾਬੀ ਧਿਰਾ ਦੀ ਹਜੂਰੀ ਵਿੱਚ ਸਪੁਰਦ ਕੀਤਾ ਗਿਆ ਸੀ , ਉਸ ਜਗਾਹ ਤੇ ਨਾਟ-ਘਰ ਤੇ ਲਾਇਬ੍ਰੇਰੀ ਦੀ ਉਸਾਰੀ ਕੀਤੀ ਜਾਵੇਂਗੀ ਤਾਂ ਕਿ ਨਸ਼ਿਆ ਵੱਲ ਜਾ ਰਹੀ ਜਵਾਨੀ ਨੂੰ ਚੰਗੀਆਂ ਕਿਤਾਬਾ ਤੇ ਪੰਜਾਬ ਦੇ ਇਤਿਹਾਸ ਨਾਲ ਜੋੜਿਆ ਜਾ ਸਕੇ ਕਿਉ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਇੱਕੋ ਇੱਕ ਰਾਹ ਐ ਚੰਗਾ ਸਾਹਿਤ।

ਇਸ ਮੌਕੇ ਤੇ ਲਾਡੀ ਮਾਣੂਕੇ ਨੇ ਬੋਲਦਿਆ ਕਿਹਾ ਕਿ ਗੰਦੇ -ਸੱਭਿਆਚਾਰ ਦਾ ਬਦਲ ਇਨਕਲਾਬੀ ਰੰਗਮੰਚ ਹੈ। ਉਹਨਾ ਕਿਹਾ ਕਿ ਨਾਟ-ਘਰ ਵਿੱਚ ਬੱਚਿਆ ਨੂੰ ਕਲਾ ਨਾਲ ਜੋੜਿਆ ਜਾਵੇਂਗਾ ਐਕਟਿੰਗ ਨਾਲ ਜੋੜ ਕਿ ਕੈਂਪ ਲਗਾਇਆ ਕਰਾਂਗੇ । ਸ਼ਹੀਦ ਭਗਤ ਸਿੰਘ ਕਲਾਂ ਮੰਚ ਚੜਿੱਕ ਮੋਗਾ, ਪਿਛਲੇ 15 ਸਾਲਾਂ ਤੋਂ ਲਗਾਤਾਰ ਪਿੰਡ-ਪਿੰਡ ਤੇ ਸਕੂਲਾਂ ਜਾਕੇ ਕਿਸਾਨ ਮਜਦੂਰ ਯੂਨੀਅਨ ਲਈ ਲਗਾਤਾਰ ਨਾਟਕ ਕਰ ਰਿਹਾ ਹੈ। ਉਹਨਾਂ ਲੋਕਾ ਤੋਂ ਨਾਟਘਰ ਤੇ ਲਾਇਬ੍ਰੇਰੀ ਦੀ ਉਸਾਰੀ ਲਈ ਫੰਡ ਦੇਣ ਦੀ ਨਿੱਘੀ ਅਪੀਲ ਕੀਤੀ ਤਾਂ ਕਿ ਰੰਗਮੰਚ ਹੋਰ ਬੇਹਤਰ ਤਰੀਕੇ ਨਾਲ ਹੋ ਸਕੇ । ਸਾਰੇ ਰੰਗ ਮੰਚ ਤੇ ਕਿਤਾਬਾਂ ਨੂੰ ਅਥਾਹ ਪਿਆਰ ਮੁਹੱਬਤ ਕਰਨ ਵਾਲਿਆ ਨੂੰ ਪੁਰਜੋਰ ਅਪੀਲ ਹੈ ਓਹ ਉਭਰ ਕੇ ਸਾਹਮਣੇ ਆਉਣ।

ਇਸ ਮੌਕੇ ਤੇ ਲਾਡੀ ਰੋਡੇ ,ਨਿਰਮਲ ਬਾਘਾਪੁਰਾਣਾ,ਨਵਦੀਪ ਸਿੰਘ,ਹਰਪ੍ਰੀਤ ਕੌਰ,ਸਵਿੰਦਰਜੀਤ ਕੌਰ,ਰਾਜਿੰਦਰ ਰਾਹਤ,ਰਮਨ ਰਸੂਲਪੁਰ,ਇੰਦਰ ਨਿਹਾਲ ਸਿੰਘ ਵਾਲਾ,ਤੀਰਥ ਚੜਿੱਕ ਰੰਗਮੰਚ ਦੇ ਕਲਾਕਾਰ ਹਾਜ਼ਰ ਸਨ ।

## ਗਿਆਨ ਆਧਾਰਿਤ ਵਿਕਾਸਮੁਖੀ ਪੰਜਾਬੀ ਸਮਾਜ ਦੀ ਉਸਾਰੀ ਲਈ ਸਭ ਵਰਗਾਂ ਨੂੰ ਸਿਰ ਜੋੜਨ ਦੀ ਲੋੜ- ਪ੍ਰਿੰ: ਬੁੱਧ ਰਾਮ


ਵਰਲਡ ਪੰਜਾਬੀ ਟਾਈਮਜ਼

ਲੁਧਿਆਣਾਃ 4 ਜੁਲਾਈ : ਗਿਆਨ ਆਧਾਰਿਤ ਵਿਕਾਸਮੁਖੀ ਪੰਜਾਬੀ ਸਮਾਜ ਦੀ ਉਸਾਰੀ ਲਈ ਸਭ ਵਰਗਾਂ ਨੂੰ ਸਿਰ ਜੋੜਨ ਦੀ ਲੋੜ ਹੈ ਕਿਉਂਕਿ ਗਿਆਨ ਪਰੰਪਰਾ ਦੀ ਨਿਰੰਤਰਤਾ ਬਗੈਰ ਕੋਈ ਵੀ ਸਮਾਜ ਵਿਕਾਸ ਨਹੀਂ ਕਰ ਸਕਦਾ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨਾਲ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਇਹ ਵਿਚਾਰ ਪ੍ਰਗਟ ਕਰਦਿਆਂ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਬੁਢਲਾਡਾ(ਮਾਨਸਾ) ਤੋਂ ਦੀਜੀ ਵਾਰ ਵਿਧਾਇਕ ਬਣੇ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਪੰਜਾਬ ਨੂੰ ਨਸ਼ਾਖ਼ੋਰੀ, ਕੰਮ-ਚੋਰੀ ਤੇ ਆਪਣੇ ਸੂਬੇ ਪ੍ਰਤੀ ਵੱਧ ਰਿਹਾ ਬੇਗਾਨਗੀ ਦਾ ਅਹਿਸਾਸ ਰੋਕਣ ਲਈ ਖੇਡਾਂ, ਸਾਹਿੱਤ ਤੇ ਸੱਭਿਆਚਾਰਕ ਦਾ ਪ੍ਰਸਾਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਸੂਬੇ ਦੀਆਂ ਸਾਹਿੱਤਕ , ਸੱਭਿਆਚਾਰਕ, ਧਾਰਮਿਕ ਤੇ ਖੇਡ ਸੰਸਥਾਵਾਂ ਨੂੰ ਸਿਰਤੋੜ ਯਤਨ ਕਰਨ ਦੀ ਲੋੜ ਹੈ। ਪ੍ਰਿੰਸੀਪਲ ਬੁੱਧ ਰਾਮ ਪੰਜਾਬੀ ਲੇਖਕ ਤੇ ਆਪਣੇ ਸਨੇਹੀ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਗੋਡਿਆਂ ਦੀ ਸਰਜਰੀ ਉਪਰੰਤ ਖ਼ਬਰਸਾਰ ਲਈ ਆਏ ਸਨ। ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਪ੍ਰਿੰਸੀਪਲ ਬੁੱਧ ਰਾਮ ਦੇ ਵਿਸ਼ੇਸ਼ ਤੌਰ ਤੇ ਆਉਣ ਲਈ ਸ਼ੁਕਰੀਆ ਅਦਾ ਕੀਤਾ ਤੇ ਆਪਣੀਆਂ ਪੁਸਤਕਾਂ ਮਨ ਦੇ ਬੂਹੇ ਬਾਰੀਆਂ, ਗੁਲਨਾਰ, ਜਲਕਣ ਤੇ ਕੁਝ ਹੋਰ ਪੁਸਤਕਾਂ ਦਾ ਸੈੱਟ ਭੇਂਟ ਕੀਤਾ।



## ਤਰਕਸ਼ੀਲਾਂ ਵੱਲੋਂ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਪਰਮਵੇਦ




ਸੰਗਰੂਰ 4 ਜੁਲਾਈ : ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਸੰਗਰੂਰ - ਬਰਨਾਲਾ ਦੇ ਆਗੂਆਂ ਮਾਸਟਰ ਪਰਮ ਵੇਦ,ਸੋਹਣ ਸਿੰਘ ਮਾਝੀ , ਗੁਰਜੰਟ ਸਿੰਘ ਬਣਵਾਲਾ ਤੇ ਸੀਤਾ ਰਾਮ ਬਾਲਦ ਕਲਾਂ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਪੰਜਾਬ ਭਰ ਦੇ ਵਿਦਿਆਰਥੀਆਂ ਦੀ ਇਕ ਚੇਤਨਾ ਪਰਖ਼ ਪ੍ਰੀਖਿਆ ਲਈ ਜਾਂਦੀ ਹੈ।ਇਹ ਪ੍ਰੀਖਿਆ ਲੈਣ ਦੇ ਉਦੇਸ਼ ਵਿਦਿਆਰਥੀਆਂ ਵਿਚ ਵਿਗਿਆਨਕ ਸੋਚ ਦਾ ਸੰਚਾਰ ਕਰਨਾ, ਉਨ੍ਹਾਂ ਨੂੰ ਵਹਿਮਾਂ ਭਰਮਾਂ ਅਤੇ ਹਰ ਤਰ੍ਹਾਂ ਦੇ ਅੰਧਵਿਸ਼ਵਾਸਾਂ ਤੋਂ ਮੁਕਤ ਕਰਨਾ, ਉਨ੍ਹਾਂ ਨੂੰ ਸਾਡੇ ਇਤਿਹਾਸ ਦੇ ਸ਼ਾਨਾਮੱਤੇ ਪੱਖਾਂ ਤੋਂ ਜਾਣੂੰ ਕਰਵਾਉਣਾ ਅਤੇ ਸਮਾਜ ਦੇ ਅਸਲ ਨਾਇਕਾਂ ਦੇ ਰੂ -ਬ -ਰੂ ਕਰਵਾਉਣਾ ਆਦਿ ਹਨ।ਇਸ ਵਾਰ ਦੀ ਪ੍ਰੀਖਿਆ ਗ਼ਦਰ ਲਹਿਰ ਦੀ ਨਾਇਕਾ ਗਦਰੀ ਗੁਲਾਬ ਕੌਰ ਨੂੰ ਸਮਰਪਿਤ ਹੈ।ਇਸ ਪ੍ਰੀਖਿਆ ਲਈ ਮਿਡਲ ਅਤੇ ਸੈਕੰਡਰੀ ਜਮਾਤਾਂ ਲਈ ਦੋ ਵੱਖ ਵੱਖ ਪੁਸਤਕਾਂ ਤਿਆਰ ਕੀਤੀਆਂ ਗਈਆਂ ਹਨ। ਇਨ੍ਹਾਂ ਪੁਸਤਕਾਂ ਵਿੱਚ ਗਿਆਨ ਵਿਗਿਆਨ ਨਾਲ ਭਰਪੂਰ, ਚੰਗੀ ਉਸਾਰੂ ਸੋਚ ਪੈਦਾ ਕਰਨ ਵਾਲਾ ਅਤੇ ਪ੍ਰੇਰਨਾਦਾਇਕ ਮੈਟਰ ਸ਼ਾਮਲ ਕੀਤਾ ਗਿਆ ਹੈ। ਅਗਸਤ ਮਹੀਨੇ ਦੀ 29 ਅਤੇ 31 ਮਿਤੀਆਂ ਨੂੰ ਇਨ੍ਹਾਂ ਪੁਸਤਕਾਂ ਵਿੱਚੋਂ ਅਬਜੈਕਟਿਵ ਟਾਈਪ 60 ਪ੍ਰਸ਼ਨਾਂ 'ਤੇ ਆਧਾਰਤ 40 ਮਿੰਟ ਦੇ ਲਈ ਓ ਐਮ ਆਰ ਸ਼ੀਟ ਤੇ ਪ੍ਰੀਖਿਆ ਲਈ ਜਾਵੇਗੀ। ਆਗੂਆਂ ਇਨਾਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਦਾ ਪ੍ਰੀਖਿਆ ਵਿੱਚ ਬੈਠਣਾ ਵੀ ਇਕ ਪ੍ਰਾਪਤੀ ਹੈ ਪਰ ਬੱਚਿਆਂ ਵਿੱਚ ਮਿਹਨਤ ਦੀ ਰੁਚੀ ਪੈਦਾ ਕਰਨ ਲਈ ਅਤੇ ਚੰਗੀ ਕਾਰਗੁਜ਼ਾਰੀ ਕਰਨ ਵਾਲਿਆਂ ਦਾ ਉਤਸ਼ਾਹ ਵਧਾਉਣ ਲਈ, ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਇਨਾਮ ਦਿੱਤੇ ਜਾਣਗੇ।ਸਟੇਟ ਪੱਧਰ ਉੱਤੇ ਹਰ ਸ਼੍ਰੇਣੀ ਵਿੱਚੋਂ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ1500/- ਨਕਦ ਇਨਾਮ, 500/-ਰੁਪਏ ਦੀਆਂ ਕਿਤਾਬਾਂ ਦੇ ਸੈੱਟ,ਇਕ ਸਾਲ ਲਈ ਮੈਗਜ਼ੀਨ ਅਤੇ ਸਨਮਾਨ ਪੱਤਰ ਦਿਤਾ ਜਾਵੇਗਾ। ਮੈਗਜ਼ੀਨ ਵਿੱਚ ਉਨ੍ਹਾਂ ਦੀਆਂ ਫੋਟੋਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ।ਇਸੇ ਤਰ੍ਹਾਂ ਜ਼ੋਨ ਪੱਧਰ ਅਤੇ ਇਕਾਈ ਪੱਧਰ ਉੱਤੇ ਪੋਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਸੈੱਟ ਅਤੇ ਪੋਜੀਸ਼ਨ ਸਰਟੀਫਿਕੇਟ ਦਿੱਤੇ ਜਾਣਗੇ । ਪ੍ਰੀਖਿਆ ਵਿੱਚ 35% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਸਰਟੀਫਿਕੇਟ ਦਿੱਤਾ ਜਾਵੇਗਾ।

ਗੁਰਦੀਪ ਸਿੰਘ ਲਹਿਰਾ, ਸੁਰਿੰਦਰ ਪਾਲ ਉਪਲੀ, ਪ੍ਰਗਟ ਸਿੰਘ ਤੇ ਲੈਕਚਰਾਰ ਕ੍ਰਿਸ਼ਨ ਸਿੰਘ ਨੇ ਪ੍ਰੀਖਿਆ ਦੀ ਸ਼ਰਤਾਂ ਬਾਰੇ ਦੱਸਿਆ ਕਿ ਇਸ ਪ੍ਰੀਖਿਆ ਵਿਚ ਇਕ ਸਕੂਲ ਦੇ ਸਾਰੇ ਵਿਦਿਆਰਥੀ ਵੀ ਭਾਗ ਲੈ ਸਕਦੇ ਹਨ।ਪ੍ਰੀਖਿਆ ਵਿਚ ਭਾਗ ਵਾਲੇ ਹਰ ਵਿਦਿਆਰਥੀ ਲਈ ਸਿਲੇਬਸ ਪੁਸਤਕ ਲੈਣੀ ਲਾਜ਼ਮੀ ਹੈ। ਪ੍ਰੀਖਿਆ ਲਈ ਪੁਸਤਕ ਦੀ ਕੀਮਤ ਤੋਂ ਇਲਾਵਾ ਹੋਰ ਕੋਈ ਫੀਸ ਨਹੀਂ ਲਈ ਜਾਵੇਗੀ।ਐਂਟਰੀ ਫਾਰਮ ਸਕੂਲ ਮੁਖੀ ਤੋਂ ਤਸਦੀਕ ਹੋਣਾ ਚਾਹੀਦਾ ਹੈ ਜਾਂ ਵਿਦਿਆਰਥੀ ਆਪਣੇ ਪੜ੍ਹਦੇ ਹੋਣ ਦਾ ਕੋਈ ਵੀ ਸਬੂਤ ਦੇ ਕੇ ਪ੍ਰੀਖਿਆ ਵਿੱਚ ਭਾਗ ਲੈ ਸਕਦਾ ਹੈ।ਇਸ ਪ੍ਰੀਖਿਆ ਲਈ ਐਂਟਰੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਿਮ ਮਿਤੀ 31 ਜੁਲਾਈ 2025 ਹੈ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ www Tarksheel .com.in ਉਤੇ 10 ਅਗਸਤ 2025 ਤਕ ਆਨਲਾਈਨ ਕਰਵਾਈ ਜਾ ਸਕਦੀ ਹੈ

ਹੋਰ ਜਾਣਕਾਰੀ ਲਈ ਕਿਸੇ ਵੀ ਤਰਕਸ਼ੀਲ ਮੈਂਬਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰੀਖਿਆ ਸਬੰਧੀ ਸਾਰੀ ਜਾਣਕਾਰੀ www.tarksheel .com.in ਵੈਬਸਾਈਟ ਉਪਰ ਉਪਲਬਧ ਹੈ ।ਵੈਬਸਾਈਟ ਸੰਬੰਧੀ ਜਾਣਕਾਰੀ ਲਈ ਮਾਸਟਰ ਗਗਨ ਰਾਮਪੁਰਾ ਨਾਲ 9872507229 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਆਗੂਆਂ ਸਾਰੇ ਸਤਿਕਾਰਤ ਸਕੂਲ ਮੁਖੀਆਂ, ਅਧਿਆਪਕਾਂ, ਮਾਪਿਆਂ ਤੇ ਪਿਆਰੇ ਵਿਦਿਆਰਥੀਆਂ ਨੂੰ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ।


## ਟੈਲੀ ਫਿਲਮ,ਗੁਰਮੁਖੀ ਦਾ ਬੇਟਾ, ਦਾ ਮਹੂਰਤ ਕਲੈਪ ਦੇ ਵਿਧਾਇਕ ਉੱਗੋਕੇ ਨੇ ਦਿੱਤਾ- ਹਵਾ, ਪਾਣੀ, ਧਰਤੀ ਨੂੰ ਬਚਾਉਣ ਦਾ ਸੁਨੇਹਾਂ

ਵਰਲਡ ਪੰਜਾਬੀ ਟਾਈਮਜ਼



ਬਠਿੰਡਾ 4 ਜੁਲਾਈ: ਸਾਜਨ ਪੰਜਾਬੀ ਫਿਲਮ ਪ੍ਰੋਡਕਸ਼ਨ ਬਠਿੰਡਾ ਵੱਲੋਂ ਡਾਇਰੈਕਟਰ ਰਾਜਬਿੰਦਰ ਸ਼ਮੀਰ ਦੀ ਅਗਵਾਈ ਹੇਠ ਕਹਾਣੀਕਾਰ, ਨਿਰਮਾਤਾ ਗੁਰਨੈਬ ਸਾਜਨ ਦਿਉਣ, ਕੈਮਰਾਮੈਨ ਪੰਮਾ ਬੱਲੂਆਣਾ ਵੱਲੋਂ ਸੂਟ ਕੀਤੀ ਜਾ ਰਹੀ ਟੈਲੀ ਫਿਲਮ,ਗੁਰਮੁਖੀ ਦਾ ਬੇਟਾ,ਦੀ ਸੂਟਿੰਗ ਦੇ ਪਹਿਲੇ ਦਿਨ ਦਾ ਮਹੂਰਤ ਕਲੈਪ ਅਤੇ ਨਾਰੀਅਲ ਤੋੜਨ ਦੀ ਰਸ਼ਮ ਵਿਧਾਨ ਸਭਾ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਆਪਣੇ ਪਿੰਡ ਉੱਗੋਕੇ ਦੇ ਵੱਡੇ ਡੇਰੇ ਚ ਕੀਤੀ। ਇਸ ਮੌਕੇ ਵਿਧਾਇਕ ਲਾਭ ਸਿੰਘ ਉਗੋਕੇ ਨੇ ਦੱਸਿਆ ਕਿ ਸਾਜਨ ਪੰਜਾਬੀ ਫਿਲਮ ਪ੍ਰੋਡਕਸ਼ਨ ਬਠਿੰਡਾ ਵੱਲੋਂ ਗੁਰਮੁਖੀ ਦਾ ਬੇਟਾ ਜੋ ਟੈਲੀ ਫਿਲਮ ਬਣਾਈ ਜਾ ਰਹੀ ਹੈ ਇਸ ਵਿੱਚ ਹਵਾ, ਪਾਣੀ ਧਰਤੀ ਅਤੇ ਮਾਂ ਬੋਲੀ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ ਜਾ ਰਿਹਾ ਹੈ, ।ਉਹਨਾਂ ਡਾਇਰੈਕਟਰ ਰਾਜਬਿੰਦਰ ਸ਼ਮੀਰ ਅਤੇ ਕਹਾਣੀਕਾਰ ਗੁਰਨੈਬ ਸਾਜਨ ਦਿਉਣ ਨੂੰ ਕਿਹਾ ਕਿ ਤੁਸੀਂ ਫਿਲਮ ਮੁਕੰਮਲ ਕਰੋ ਇਸ ਤੋਂ ਬਾਅਦ ਆਪਾਂ ਇਕੱਠੇ ਬੈਠ ਕੇ ਫਿਲਮ ਦੇਖਾਂਗੇ। ਜੇਕਰ ਤੁਸੀਂ ਇਸ ਫਿਲਮ ਵਿੱਚ ਉਪਰੋਕਤ ਚੰਗੇ ਸੁਨੇਹੇ ਦੇਣ ਵਿੱਚ ਸਫ਼ਲ ਹੋਏ ਤਾਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਸਹਿਯੋਗ ਨਾਲ ਗੁਰਮੁਖੀ ਦਾ ਬੇਟਾ ਫਿਲਮ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪ੍ਰਜੈਕਟਰਾਂ ਰਾਂਹੀ ਬੱਚਿਆ ਨੂੰ ਦਿਖਾਈ ਜਾਵੇਗੀ।ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਉੱਪਰ ਬਹੁਤ ਕੁਝ ਗਲਤ ਵੀ ਚੱਲ ਰਿਹਾ ਹੈ ਜੇਕਰ ਐਸੀਆਂ ਚੰਗੇ ਸੁਨੇਹੇ ਦੇਣ ਵਾਲੀਆਂ ਫਿਲਮਾਂ ਬੱਚੇ ਦੇਖਣਗੇ ਤਾਂ ਉਹ ਸੋਸ਼ਲ ਮੀਡੀਏ ਤੋਂ ਦੂਰੀ ਵੀ ਬਣਾ ਕੇ ਰੱਖਣਗੇ। ਉਹਨਾਂ ਇਸ ਮੌਕੇ ਫ਼ਲਦਾਰ ਅਤੇ ਫੁੱਲਦਾਰ ਪੌਦੇ ਡੇਰੇ ਵਿੱਚ ਲਗਾਏ ਅਤੇ ਪਿੰਡ ਦੀ ਪੰਚਾਇਤ ਅਤੇ ਮੋਹਤਬਰਾਂ ਨੂੰ ਵੀ ਵੰਡੇ ਗਏ। ਇਸ ਮੌਕੇ ਸਰਪੰਚ ਰਾਮ ਸਿੰਘ ਨੇ ਕਿਹਾ ਕਿ ਅਸੀਂ ਫਿਲਮ ਦੀ ਟੀਮ ਨੂੰ ਹਰ ਤਰ੍ਹਾਂ ਦਾ ਸਹਿਯੋਗ ਕਰਾਂਗੇ ਤੁਸੀਂ ਸਾਡੇ ਪਿੰਡ ਨੂੰ ਇੱਕ ਵਧੀਆ ਸਮਾਜਿਕ ਸੁਨੇਹੇ ਲਈ ਫਿਲਮ ਦੇ ਰੂਪ ਵਿੱਚ ਚੁਣਿਆ ਹੈ ਅਸੀਂ ਤੁਹਾਡਾ ਸਮੁੱਚੀ ਟੀਮ ਦਾ ਨਗਰ ਵੱਲੋਂ ਧੰਨਵਾਦ ਕਰਦੇ ਹਾਂ.।ਇਸ ਮੌਕੇ ਡਾਇਰੈਕਟਰ ਰਾਜਬਿੰਦਰ ਸ਼ਮੀਰ ਅਤੇ ਕਹਾਣੀਕਾਰ ਗੁਰਨੈਬ ਸਾਜਨ ਦਿਉਣ ਨੇ ਵਿਧਾਇਕ ਲਾਭ ਸਿੰਘ ਉਗੋਕੇ, ਸਰਪੰਚ ਰਾਮ ਸਿੰਘ ਅਤੇ ਸਮੁੱਚੇ ਨਗਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਨਗਰ ਉਗੋਕੇ ਵੱਲੋਂ ਉਹਨਾਂ ਨੂੰ ਪੂਰਨ ਤੌਰ ਤੇ ਸਹਿਯੋਗ ਮਿਲ ਰਿਹਾ ਹੈ ਕਿਉਂਕਿ ਇਸ ਪਿੰਡ ਦੇ ਜੰਮਪਲ ਇੱਕ ਛੋਟੇ ਜਿਹੇ ਬੱਚੇ ਸੁਖਰਵੀਰ ਸਿੰਘ ਨੂੰ ਇਸ ਫਿਲਮ ਚ ਬਤੌਰ ਨਾਇਕ ਵਜੋਂ ਉਭਾਰਿਆ ਜਾ ਰਿਹਾ ਹੈ, ਉਹਨਾਂ ਮਾਸਟਰ ਗੁਰਜੀਤ ਸਿੰਘ ਦਾ ਵੀ ਧੰਨਵਾਦ ਕੀਤਾ ਜਿੰਨਾਂ ਨੇ ਉਹਨਾਂ ਨੂੰ ਇਸ ਫਿਲਮ ਲਈ ਪੂਰਨ ਤੌਰ ਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ।ਇਸ ਫਿਲਮ ਦੀ ਸੂਟਿੰਗ ਬਰਨਾਲਾ ਜਿਲ੍ਹਾ ਦੇ ਪਿੰਡ ਉੱਗੋਕੇ ਤੋਂ ਇਲਾਵਾ ਬਠਿੰਡਾ ਦੇ ਆਸ ਪਾਸ ਪਿੰਡਾਂ ਵਿੱਚ ਵੀ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਾਜਨ ਪੰਜਾਬੀ ਫਿਲਮ ਪ੍ਰੋਡਕਸ਼ਨ ਬਠਿੰਡਾ ਵੱਲੋਂ ਪਹਿਲਾਂ ਵੀ ਬਿੱਕਰ ਵਿਚੋਲਾ, ਬਿੱਕਰ ਵਿਚੋਲਾ 2 , ਕੈਨੇਡਾ ਵਾਲੇ, ਵੱਟ ਦਾ ਰੌਲਾ, ਕੁਦਰਤ, ਮਾਂ ਦਾ ਕਰਜਾ, ਲੜਾਕੀ ਸਰਪੰਚਣੀ ਅਤੇ ਬੋਝ ਵਰਗੀਆਂ ਸਮਾਜਿਕ ਸਨੇਹੇ ਦੇਣ ਵਾਲੀਆਂ ਫਿਲਮਾਂ ਜਰੀਏ ਸਮਾਜਿਕ ਕੁਰੀਤੀਆਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਹੈ।ਉਹਨਾਂ ਦਾ ਕਹਿਣਾ ਕਿ ਸੋਸ਼ਲ ਮੀਡੀਆ ਤੇ ਜੋ ਲੋਕ ਅਸਲੀਲ ਅਤੇ ਦੋ ਅਰਥੀ ਸੰਵਾਦ ਰਚਾਕੇ ਸਿਰਫ ਪੈਸਾ ਕਮਾਉਣ ਦੀ ਦੌੜ ਚ ਲੱਗੇ ਹੋਏ ਹਨ, ਉਨਾਂ ਦੇ ਉਲਟ ਅਸੀਂ ਹਮੇਸਾ ਆਪਣੀਆਂ ਫਿਲਮਾਂ ਜਰੀਏ ਨਰੋਆ ਸਮਾਜ ਸਿਰਜਣ ਦਾ ਹੋਕਾ ਦਿੱਤਾ ਹੈ। ਇਸ ਮੌਕੇ ਮਾਸਟਰ ਗੁਰਜੀਤ ਸਿੰਘ, ਸੁਖਚੈਨ ਸਿੰਘ ਉੱਗੋਕੇ,ਗੀਤਕਾਰ ਗੁਰਤੇਜ ਸਿੰਘ ਉਗੋਕੇ, ਕੌਰ ਸਿੰਘ ਸਾਬਕਾ ਸਰਪੰਚ, ਬਲਵੰਤ ਸਿੰਘ ਪ੍ਰਧਾਨ ਡੇਰਾ ਬਾਬਾ ਸਿੱਧ ਭੋਇ, ਜਗਸੀਰ ਸਿੰਘ ਬੱਬੂ, ਗੁਰਚਰਨ ਸਿੰਘ ਲਾਣੇਵਾਲਾ, ਮੱਖਣ ਸਿੰਘ ਸੇਵਾਦਾਰ, ਗੁਰਪ੍ਰੀਤ ਸਿੰਘ ਪੀਤਾ, ਚਰਨਜੀਤ ਸਿੰਘ ਗਿੱਲ ਤੋਂ ਇਲਾਵਾ ਸਮੂਹ ਪੰਚਾਇਤ ਅਤੇ ਪਿੰਡ ਦੇ ਮੋਹਤਬਰ ਮੌਜੂਦ ਸਨ।

## ਪੰਜਾਬੀ ਨਾਵਲ ਦੇ ਪਿਤਾਮਾ : ਨਾਨਕ ਸਿੰਘ



ਕਥਾ, ਲੇਖ, ਨਾਟਕ ਲਿਖੇ, ਕਵਿਤਾ ਤੇ ਅਨੁਵਾਦ।
ਨਾਵਲ ਕਲਾ 'ਚ ਉਸ ਜਿਹਾ, ਨਹੀਂ ਮਿਲਦਾ ਉਸਤਾਦ।
ਸਾਹਿਤ ਰਚਨਾ ਦੇ ਲਈ, ਮਿਲੇ ਬਹੁਤ ਸਨਮਾਨ –
ਸਦੀਆਂ ਤੱਕ ਨਾਨਕ ਸਿੰਘ ਨੂੰ, ਲੋਕ ਰੱਖਣਗੇ ਯਾਦ।

ਪੰਜਾਬੀ ਨਾਵਲ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਨਾਨਕ ਸਿੰਘ, ਜਿਨ੍ਹਾਂ ਦਾ ਮੁੱਢਲਾ ਨਾਂ ਹੰਸ ਰਾਜ ਸੀ, ਦਾ ਜਨਮ 4 ਜੁਲਾਈ,1897 ਈ. ਨੂੰ ਪਿੰਡ ਚੱਕ ਹਮੀਦ, ਤਹਿਸੀਲ ਦਾਦਨ ਖਾਂ, ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਖੇ ਪਿਤਾ ਸ੍ਰੀ ਬਹਾਦਰ ਚੰਦ ਸੂਰੀ ਦੇ ਗ੍ਰਹਿ ਮਾਤਾ ਸ੍ਰੀਮਤੀ ਲੱਛਮੀ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਹੋਰ ਛੋਟੇ ਭੈਣ-ਭਰਾਵਾਂ ਵਿੱਚ ਮੰਗਲ ਸੈਨ, ਬੋਧ ਰਾਜ ਅਤੇ ਵੀਰਾਂ ਵਾਲੀ ਦਾ ਨਾਲ ਸ਼ਾਮਲ ਹੈ।
ਨਾਨਕ ਸਿੰਘ ਅਜੇ ਛੋਟੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਦਾ ਦੇਹਾਂਤ ਹੋ ਗਿਆ ਅਤੇ ਕੁਝ ਸਮੇਂ ਬਾਅਦ ਇੱਕ ਘਟਨਾ ਵਿੱਚ ਮਾਂ ਵੀ ਸਦਾ ਲਈ ਅਪਾਹਜ ਹੋ ਕੇ ਮੰਜੇ ਤੇ ਪੈ ਗਈ, ਜਿਸ ਕਰਕੇ ਘਰ ਦੇ ਗੁਜ਼ਾਰੇ ਅਤੇ ਮਾਂ ਸਮੇਤ ਭੈਣ-ਭਰਾਵਾਂ ਦੀ ਪਾਲਣਾ ਨਾਨਕ ਸਿੰਘ ਨੂੰ ਕਰਨੀ ਪਈ। ਅਜਿਹੇ ਹਾਲਾਤ ਵਿੱਚ ਉਹ ਸਿਰਫ਼ ਪੰਜ ਜਮਾਤਾਂ ਤੱਕ ਹੀ ਪੜ੍ਹ ਸਕੇ।
ਗੁਰਬਤ, ਨਿਰਾਸ਼ਾ, ਵਿਸ਼ਵਾਸਘਾਤ ਤੇ ਚਿੰਤਾਵਾਂ ਵਿੱਚ ਡੁੱਬੇ ਨਾਨਕ ਸਿੰਘ ਦੇ ਸੰਵੇਦਨਸ਼ੀਲ ਹਿਰਦੇ ਨੇ ਕਲਮ ਨੂੰ ਹਥਿਆਰ ਬਣਾਇਆ ਅਤੇ ਹੋਰਨਾਂ ਵੱਡੇ ਲੇਖਕਾਂ ਵਾਂਗ ਸਭ ਤੋਂ ਪਹਿਲਾਂ ਕਵਿਤਾ ਲਿਖੀ। 1918 ਤੋਂ 1922 ਤੱਕ ਉਨ੍ਹਾਂ ਦੀਆਂ ਚਾਰ ਕਾਵਿ-ਪੁਸਤਕਾਂ ਪ੍ਰਕਾਸ਼ਿਤ ਹੋਈਆਂ : ਸਤਿਗੁਰੂ ਮਹਿਮਾ, ਗੁਰਕੀਰਤ, ਖੂਨੀ ਵਿਸਾਖੀ, ਅਤੇ ਗੁਰੂ ਕੇ ਬਾਗ ਦਾ ਮੋਰਚਾ। ਇਸ ਤੋਂ ਵੀ ਪਹਿਲਾਂ 1909 ਵਿੱਚ ਉਨ੍ਹਾਂ ਨੇ ਅੱਠ ਪੰਨਿਆਂ ਦੀ ਇੱਕ ਲੰਮੀ ਕਵਿਤਾ ਲਿਖੀ ਸੀ: 'ਸੀਹਰਫ਼ੀ ਹੰਸ ਰਾਜ', ਜਿਸ ਵਿੱਚੋਂ ਕੁਝ ਪੰਕਤੀਆਂ ਪੇਸ਼ ਹਨ :

ਕਾਫ਼ ਕਿੱਥੋਂ ਲਿਆਵਾਂ ਮੈਂ ਬੈਤ ਚੋਂਦੇ
ਜਦਕਿ ਖੂਨ ਵਿੱਚ ਮੇਰੀ ਜ਼ਬਾਨ ਚੋਂਦਾ।
ਤੇਰੇ ਜਿਹੇ ਖ਼ੁਸ਼ਬਖ਼ਤ ਕੀ ਸਾਰ ਜਾਣਨ
ਕਿਵੇਂ ਅੱਖੀਆਂ ਥਾਣੀ ਇਨਸਾਨ ਚੋਂਦਾ।
ਜਾ ਕੇ ਪੁੱਛ ਨਸੀਬ ਦੇ ਮਾਰਿਆਂ ਨੂੰ
ਹੇਠ ਧਰਤੀ ਤੇ ਉੱਤੇ ਅਸਮਾਨ ਚੋਂਦਾ।
ਨਾ ਪੁੱਛ ਹਾਲ ਤੂੰ 'ਹੰਸ' ਦੁਖਿਆਰੜੇ ਦਾ
ਜਿੱਥੇ ਮੈਂ ਸੌਂਦਾ ਉਹ ਮਕਾਨ ਚੋਂਦਾ।

ਰੋਜ਼ਗਾਰ ਵਜੋਂ ਉਨ੍ਹਾਂ ਨੇ ਕਿਤਾਬਾਂ ਨਾਲ ਸਬੰਧਿਤ ਭਾਈ ਕਿਰਪਾਲ ਸਿੰਘ ਹਜ਼ੂਰੀਆ ਅੰਮ੍ਰਿਤਸਰ ਵਾਲੇ ਨਾਲ ਰਲ ਕੇ ਭਾਈਵਾਲੀ ਕੀਤੀ; ਬਚਪਨ ਦੇ ਦੋਸਤ ਰਾਮ ਸਿੰਘ ਨਾਲ ਮਿਲ ਕੇ ਪੰਜਾਬ ਖਾਲਸਾ ਪ੍ਰੈੱਸ ਦੀ ਸ਼ੁਰੂਆਤ ਕੀਤੀ, ਪਰ ਕਿਤੇ ਵੀ ਮਨ ਨਾ ਲੱਗਿਆ। ਸ਼ਾਂਤੀ ਦੀ ਭਾਲ ਵਿੱਚ ਉਹ ਕਰੀਬ ਇੱਕ ਸਾਲ ਰਿਸ਼ੀਕੇਸ਼ ਅਤੇ ਹੋਰ ਥਾਵਾਂ ਤੇ ਭਟਕਦੇ ਰਹੇ। 1924 ਵਿੱਚ ਇੱਕ ਸੁਘੜ ਬੀਬੀ ਰਾਜ ਕੌਰ ਨਾਲ ਸ਼ਾਦੀ ਹੋਣ ਅਤੇ ਘਰ ਵਿੱਚ ਛੇ ਬੱਚਿਆਂ (ਪੰਜ ਪੁੱਤਰ ਤੇ ਇੱਕ ਧੀ) ਦੀ ਆਮਦ ਤੇ ਉਨ੍ਹਾਂ ਨੂੰ ਕੁਝ ਟਿਕਾਓ ਮਿਲਿਆ।
ਹੁਣ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਲੇਖਨ ਨੂੰ ਸਮਰਪਿਤ ਕਰ ਦਿੱਤਾ ਸੀ। ਉਨ੍ਹਾਂ ਨੇ ਕਵਿਤਾ ਲਿਖਣੀ ਛੱਡ ਕੇ ਵਾਰਤਕ ਵੱਲ ਰੁਖ਼ ਕੀਤਾ ਅਤੇ 1924 ਤੋਂ ਨਾਵਲ ਲਿਖਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਦੇ ਨਾਵਲਾਂ ਦੀ ਫਹਿਰਿਸਤ ਬਹੁਤ ਲੰਮੇਰੀ ਹੈ। ਇਨ੍ਹਾਂ ਵਿੱਚ ਮਤਰੇਈ ਮਾਂ, ਕਾਲ ਚੱਕਰ, ਮਿੱਠਾ ਮਹੁਰਾ, ਪ੍ਰੇਮ ਸੰਗੀਤ, ਫੌਲਾਦੀ ਫੁੱਲ, ਚਿੱਟਾ ਲਹੂ, ਕਾਗਤਾਂ ਦੀ ਬੇੜੀ, ਪਾਪਾਂ ਦੀ ਖੱਟੀ, ਪਿਆਰ ਦੀ ਦੁਨੀਆਂ, ਗਰੀਬ ਦੀ ਦੁਨੀਆਂ, ਅੱਧ ਖਿੜਿਆ ਫੁੱਲ, ਪਵਿੱਤਰ ਪਾਪੀ, ਜੀਵਨ ਸੰਗਰਾਮ, ਧੁੰਦਲੇ ਪਰਛਾਵੇਂ, ਦੂਰ ਕਿਨਾਰਾ, ਟੁੱਟੀ ਵੀਣਾ, ਲਵ ਮੈਰਿਜ, ਗੰਗਾਜਲੀ ਵਿਚ ਸ਼ਰਾਬ, ਅੱਗ ਦੀ ਖੇਡ, ਖੂਨ ਦੇ ਸੋਹਿਲੇ, ਮੰਝਧਾਰ, ਚਿੱਤਰਕਾਰ, ਆਦਮਖੋਰ, ਕਟੀ ਹੋਈ ਪਤੰਗ, ਸੁਮਨ ਕਾਂਤਾ, ਨਾਸੂਰ, ਬੰਜਰ, ਆਸਤਕ ਨਾਸਤਕ, ਸੰਗਮ, ਪੁਜਾਰੀ, ਛਲਾਵਾ, ਅਣਸੀਤੇ ਜ਼ਖ਼ਮ, ਇੱਕ ਮਿਆਨ ਦੋ ਤਲਵਾਰਾਂ, ਪੱਥਰ ਦੇ ਖੰਭ, ਵਰ ਨਹੀਂ ਸਰਾਪ, ਕੋਈ ਹਰਿਆ ਬੂਟ ਰਹਿਓ ਰੀ, ਸਰਾਪੀਆਂ ਰੂਹਾਂ ਅਤੇ ਗਗਨ ਦਮਾਮਾ ਬਾਜਿਆ ਦੇ ਨਾਂ ਸ਼ਾਮਲ ਹਨ।
ਉਨ੍ਹਾਂ ਦੀਆਂ ਕਹਾਣੀ-ਪੁਸਤਕਾਂ ਵਿੱਚ ਹੰਝੂਆਂ ਦੇ ਹਾਰ, ਸੱਧਰਾਂ ਦੇ ਹਾਰ, ਮਿਧੇ ਹੋਏ ਫੁੱਲ, ਠੰਢੀਆਂ ਰਾਤਾਂ, ਸੁਨਹਿਰੀ ਜਿਲਦ, ਸੁਪਨਿਆਂ ਦੀ ਕਬਰ, ਸਵਰਗ ਤੇ ਉਸ ਦੇ ਵਾਰਿਸ, ਛੇਕੜਲੀ ਰਿਸ਼ਮ, ਚੋਣਵੀਂ ਕਹਾਣੀ ਦਾ ਜ਼ਿਕਰ ਮਿਲਦਾ ਹੈ। ਨਾਟਕ ਦੇ ਖੇਤਰ ਵਿੱਚ ਨਾਨਕ ਸਿੰਘ ਨੇ ਬੀ.ਏ.ਪਾਸ, ਪਾਪ ਦਾ ਫਲ, ਚੌੜ ਚਾਨਣ ਅਤੇ ਧੋਬੀ ਦਾ ਕੁੱਤਾ ਪੰਜਾਬੀ ਸਾਹਿਤ ਨੂੰ ਭੇਟ ਕੀਤੇ। ਉਨ੍ਹਾਂ ਨੇ ਆਪਣੀ ਸਵੈਜੀਵਨੀ 'ਮੇਰੀ ਦੁਨੀਆਂ' ਅਤੇ ਲੇਖ ਸੰਗ੍ਰਹਿ 'ਚੜ੍ਹਦੀ ਕਲਾ' ਤੋਂ ਇਲਾਵਾ ਕੁਝ ਭਾਰਤੀ ਤੇ ਵਿਦੇਸ਼ੀ ਪੁਸਤਕਾਂ ਦੇ ਅਨੁਵਾਦ ਵੀ ਕੀਤੇ। ਅਜਿਹੀਆਂ ਪੁਸਤਕਾਂ ਵਿੱਚ ਸੂਲਾਂ ਦੀ ਸੇਜ, ਪਤਝੜ ਦੇ ਪੰਛੀ, ਰਜਨੀ, ਤਸਵੀਰ ਦੇ ਦੋਵੇਂ ਪਾਸੇ, ਪੱਥਰ ਕਾਂਬਾ, ਫਰਾਂਸ ਦਾ ਡਾਕੂ ਅਤੇ ਪ੍ਰਾਸਚਿਤ ਸ਼ਾਮਲ ਹਨ।
ਨਾਨਕ ਸਿੰਘ ਦਾ ਪੰਜਾਬੀ ਨਾਵਲ ਦੇ ਇਤਿਹਾਸ ਵਿੱਚ ਉਹੀ ਸਥਾਨ ਹੈ, ਜੋ ਆਧੁਨਿਕ ਕਵਿਤਾ ਵਿੱਚ ਭਾਈ ਵੀਰ ਸਿੰਘ ਦਾ, ਆਧੁਨਿਕ ਗੱਦ 'ਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ, ਕਹਾਣੀ ਵਿੱਚ ਕਰਤਾਰ ਸਿੰਘ ਦੁੱਗਲ ਦਾ ਅਤੇ ਆਲੋਚਨਾ ਵਿੱਚ ਸੰਤ ਸਿੰਘ ਸੇਖੋਂ ਦਾ ਹੈ। ਉਨ੍ਹਾਂ ਨੇ 1924 ਤੋਂ 1967 ਤੱਕ ਕਰੀਬ 43 ਵਰ੍ਹੇ ਨਾਵਲਾਂ ਦੀ ਰਚਨਾ ਕੀਤੀ। ਉਨ੍ਹਾਂ ਨੇ ਵਾਲਟਰ ਸਕਾਟ ਵਾਂਗ ਬਹੁਗਿਣਤੀ ਵਿੱਚ ਨਾਵਲ ਲਿਖੇ ਅਤੇ ਇਨ੍ਹਾਂ ਵਿੱਚ ਚਾਰਲਸ ਡਿਕਨਜ਼ ਸਵਰਗੀ ਸਧਾਰਨਤਾ ਭਰੀ ਹੋਈ ਮਿਲਦੀ ਹੈ।
ਨਾਨਕ ਸਿੰਘ ਦੇ ਨਾਵਲਾਂ ਦੇ ਵਿਸ਼ੇ ਸਮਾਜ ਸੁਧਾਰਕ, ਰਾਜਨੀਤਿਕ ਅਤੇ ਵਿਦਰੋਹੀ ਸੁਰਾਂ ਵਾਲੇ ਹਨ। ਉਨ੍ਹਾਂ ਨੂੰ ਨਾਵਲ ਲਿਖਣ ਦੀ ਪ੍ਰੇਰਨਾ 1920-21 ਦੌਰਾਨ ਜੇਲ੍ਹ ਯਾਤਰਾ ਸਮੇਂ ਮੁਨਸ਼ੀ ਪ੍ਰੇਮਚੰਦ ਦੇ ਨਾਵਲਾਂ ਨੂੰ ਪੜ੍ਹਨ ਤੋਂ ਪ੍ਰਾਪਤ ਹੋਈ। "ਹਿੰਦੀ ਸਾਹਿਤ ਵਿੱਚ ਜਿਵੇਂ ਮੁਨਸ਼ੀ ਪ੍ਰੇਮ ਚੰਦ ਅਤੇ ਬੰਗਲਾ ਵਿੱਚ ਸ਼ਰਤ ਚੰਦਰ ਅਤੇ ਬੰਕਿਮ ਚੰਦਰ ਚੈਟਰਜੀ ਘਰੋਗੀ ਨਾਂ ਬਣ ਗਏ ਹਨ, ਇਸੇ ਤਰ੍ਹਾਂ ਨਾਨਕ ਸਿੰਘ ਪੰਜਾਬੀਆਂ ਲਈ ਘਰੇਲੂ ਨਾਂ ਹੈ।" (ਪਿਆਰਾ ਸਿੰਘ ਦਾਤਾ)
ਅੰਤ ਵਿੱਚ ਡਾ.ਮਹਿੰਦਰ ਸਿੰਘ ਰੰਧਾਵਾ ਦੇ ਇਨ੍ਹਾਂ ਸ਼ਬਦਾਂ ਨਾਲ ਸਹਿਮਤ ਹੁੰਦਿਆਂ ਮੈਂ ਇਹ ਰਚਨਾ ਸਮਾਪਤ ਕਰਦਾ ਹਾਂ : "ਮੇਰੇ ਦਿਲ ਵਿੱਚ ਸਦਾ ਹੀ ਅਜਿਹੇ ਪੰਜਾਬੀ ਲੇਖਕਾਂ ਲਈ ਸਤਿਕਾਰ ਰਿਹਾ ਹੈ, ਜੋ ਆਰਥਿਕ ਲਾਭਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸਾਰੀ ਉਮਰ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਜੁਟੇ ਰਹੇ ਹਨ। ਇਨ੍ਹਾਂ ਲੇਖਕਾਂ ਵਿੱਚ ਮੈਂ ਨਾਨਕ ਸਿੰਘ ਦਾ ਬੜਾ ਉੱਚਾ ਸਥਾਨ ਮੰਨਦਾ ਹਾਂ। ਕੋਈ ਪੁਸਤਕਾਲਾ ਉਸਦੇ ਨਾਵਲਾਂ ਬਿਨਾਂ ਸੰਪੂਰਨ ਨਹੀਂ ਸਮਝਿਆ ਜਾ ਸਕਦਾ, ਨਾ ਹੀ ਕੋਈ ਇਮਤਿਹਾਨ ਤੇ ਨਾ ਹੀ ਕੋਈ ਘਰ। ਸਫ਼ਰ ਕਰਦੇ ਮੁਸਾਫ਼ਿਰ, ਗੱਡੇ ਹਿਕਦੇ ਜੱਟ, ਪਿੱਪਲਾਂ ਜਾਂ ਬੋਹੜਾਂ ਥੱਲੇ ਦੁਪਹਿਰਾਂ ਕੱਟਦੇ ਕਿਸਾਨ ਤੁਹਾਨੂੰ ਨਾਨਕ ਸਿੰਘ ਦੇ ਨਾਵਲ ਪੜ੍ਹਦੇ ਨਜ਼ਰ ਆਉਣਗੇ। ਵਿਦਿਆਰਥੀਆਂ ਦੇ ਟਰੰਕਾਂ ਵਿੱਚੋਂ ਤੇ ਮੁਟਿਆਰਾਂ ਦੇ ਸਿਰਾਣੇ ਥੱਲਿਓਂ ਤੁਹਾਨੂੰ ਉਸ ਦਾ ਕੋਈ ਨਾ ਕੋਈ ਨਾਵਲ ਲੱਭ ਪਵੇਗਾ।... ਉਸ ਦੀ ਕੀਰਤੀ ਸਾਰੇ ਭਾਰਤ ਵਿੱਚ ਫੈਲ ਗਈ। ਅਤੇ ਅੱਜ ਅਨੇਕ ਬੋਲੀਆਂ ਵਿੱਚ ਉਸ ਦੇ ਨਾਵਲ ਛਾਪੇ ਤੇ ਪੜ੍ਹੇ ਜਾਣ ਲੱਗ ਪਏ ਹਨ।" 28 ਦਸੰਬਰ 1911 ਈ. ਨੂੰ ਪੰਜਾਬੀ ਦਾ ਇਹ ਮਹਾਨ ਸਾਹਿਤਕਾਰ ਜੀਵਨ-ਮੰਚ ਤੋਂ ਸਦਾ ਲਈ ਅਲੋਪ ਹੋ ਗਿਆ। ਆਪਣੀਆਂ ਰਚਨਾਵਾਂ ਅਤੇ ਮਹਾਨ ਸ਼ਖ਼ਸੀਅਤ ਸਦਕਾ ਨਾਨਕ ਸਿੰਘ ਦਾ ਨਾਂ ਹਮੇਸ਼ਾ ਅਮਰ ਰਹੇਗਾ।

## ਟਰੈਜ਼ਰ ਐਨ.ਐਫ.ਟੀ ਕੰਪਨੀ ਵਿੱਚ ਲੱਖਾ ਪੜੇ ਲਿਖੇ ਲੋਕਾਂ ਨੇ ਪੈਸੇ ਦੁੱਗਣੇ ਕਰਨ ਦੇ ਲਾਲਚ ਵਿੱਚ ਫਸਾਏ ਕਰੋੜਾਂ ਰੁਪਏ।

ਵਰਲਡ ਪੰਜਾਬੀ ਟਾਈਮਜ਼
ਸੰਦੀਪ ਕੰਬੋਜ

ਅੱਜ਼ ਕੱਲ ਇਨਸਾਨ ਦਾ ਲਾਲਚ ਇੰਨਾ ਜ਼ਿਆਦਾ ਵਧਦਾ ਜਾ ਰਿਹਾ ਹੈ ਕਿ ਇਨਸਾਨ ਬਿਨਾਂ ਮਿਹਨਤ ਕੀਤੇ ਰਾਤੋ ਰਾਤ ਅਮੀਰ ਹੋਣ ਦੇ ਸੁਪਨੇ ਲੈਣ ਲੱਗ ਪਿਆ ਹੈ।ਅਗਰ ਦੁਨੀਆਂ ਵਿੱਚ ਕੋਈ ਏਹੋ ਜਿਹੀ ਗਿੱਦੜ ਸਿੰਘੀ ਹੁੰਦੀ ਜ਼ੋ ਮਹੀਨੇ ਵਿੱਚ ਪੈਸੇ ਦੁੱਗਣੇ ਕਰਨ ਦਿੰਦੀ ਤਾਂ ਕਿਸੇ ਇਨਸਾਨ ਨੂੰ ਕੰਮ ਕਰਨ ਦੀ ਜ਼ਰੂਰਤ ਹੀ ਨਾਂ ਪੈਂਦੀ ਅਤੇ ਮਹੀਨੇ ਵਿੱਚ ਉਹਨਾਂ ਦੇ ਪੈਸੇ ਦੁੱਗਣੇ ਹੋ ਜਾਂਦੇ।ਇਹੀ ਮਹੀਨੇ ਵਿੱਚ ਪੈਸੇ ਦੁੱਗਣੇ ਕਰਨ ਦਾ ਲਾਲਚ ਦੇ ਕੇ ਐਨ.ਐਫ.ਟੀ ਕੰਪਨੀ ਨੇ ਅਨੇਕਾਂ ਪੜੇ ਲਿਖੇ ਲੋਕਾਂ ਦੇ ਪੈਸੇ ਕੰਪਨੀ ਵਿੱਚ ਲਵਾਏ। ਕੰਪਨੀ ਦੇ ਉੱਪਰਲੇ ਮੁਲਾਜ਼ਮਾਂ ਨੇ ਬਹੁਤ ਵਧੀਆ ਸਕੀਮ ਖੇਡੀ ਕਿ ਤੁਸੀਂ ਸਾਡੀ ਕੰਪਨੀ ਵਿੱਚ ਪੈਸੇ ਇਨਵੈਸਟਮੈਂਟ ਕਰੋ ਅਤੇ ਤੁਹਾਡੇ ਪੈਸੇ ਮਹੀਨੇ ਵਿੱਚ ਦੁੱਗਣੇ ਹੋ ਜਾਣਗੇ।ਇਸ ਤੋਂ ਇਲਾਵਾ ਕੰਪਨੀ ਨੇ ਇਹ ਵੀ ਲਾਲਚ ਦੇ ਦਿੱਤਾ ਕਿ ਜੇਕਰ ਤੁਸੀਂ ਟੀਮ ਬਣਾ ਕੇ ਆਪਣੇ ਅਧੀਨ ਕਿਸੇ ਹੋਰ ਵਿਅਕਤੀ ਦੇ ਪੈਸੇ ਇਨਵੈਸਟਮੈਂਟ ਕਰਵਾਉਗੇ ਤਾਂ ਤੁਹਾਨੂੰ ਉਸਦੇ ਪੈਸਿਆਂ ਦਾ ਕਮਿਸ਼ਨ ਵੀ ਆਵੇਗਾ ਬਸ ਫਿਰ ਕੀ ਸੀ ਕੰਪਨੀ ਨੇ 4-5 ਵਾਰ ਪੈਸੇ ਦੁੱਗਣੇ ਵੀ ਕਰ ਦਿੱਤੇ ਅਤੇ ਜਿਹੜੇ ਵਿਅਕਤੀਆਂ ਨੇ ਉਹਨਾਂ ਦੇ ਅਧੀਨ ਪੈਸੇ ਲਗਾਏ ਸੀ ਉਹਨਾਂ ਦਾ ਕਮਿਸ਼ਨ ਵੀ ਆਉਣਾ ਸ਼ੁਰੂ ਹੋਇਆ। ਕੰਪਨੀ ਨੇ ਲੋਕਾਂ ਦਾ ਵਿਸ਼ਵਾਸ ਜਿੱਤ ਕੇ ਫਰਾਡ ਗੇਮ ਸ਼ੁਰੂ ਕਰ ਦਿੱਤੀ।ਇਸ ਫਰਾਡ ਗੇਮ ਵਿੱਚ ਸਭ ਤੋਂ ਵੱਧ ਪੜੇ ਲਿਖੇ ਮੁਲਾਜ਼ਮਾਂ ਅਤੇ ਅਧਿਆਪਕਾਂ ਨੇ ਆਪਣੇ ਪੈਸੇ ਫਸਾਏ ਹਨ।ਇਸ ਵਿੱਚ ਜਿਹੜੇ ਵਿਅਕਤੀਆਂ ਦੇ 3-4 ਵਾਰ ਪਹਿਲਾਂ ਪਹਿਲਾਂ ਪੈਸੇ ਦੁੱਗਣੇ ਹੋ ਗਏ ਉਹਨਾਂ ਵਿਅਕਤੀਆਂ ਨੇ ਆਪਣੇ ਕਰੀਬੀ ਦੋਸਤਾਂ, ਰਿਸ਼ਤੇਦਾਰਾਂ, ਮਿੱਤਰਾਂ ਅਤੇ ਹੋਰ ਵਿਅਕਤੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਮੇਰੇ ਤੇ ਵਿਸ਼ਵਾਸ ਕਰੋ ਮੇਰੇ ਪੈਸੇ ਦੁੱਗਣੇ ਹੋਏ ਹਨ ਤੁਹਾਡੇ ਵੀ ਹੋਣਗੇ ਅਗਰ ਤੁਹਾਨੂੰ ਮੇਰੇ ਤੇ ਵਿਸ਼ਵਾਸ ਨਹੀਂ ਤਾਂ ਮੇਰੇ ਤੋਂ ਚੈੱਕ ਲੈ ਲਵੋ। ਜਦੋਂ ਕੋਈ ਕਰੀਬੀ ਸਾਥੀ ਇੰਨਾ ਜ਼ਿਆਦਾ ਵਿਸ਼ਵਾਸ਼ ਦਵਾ ਰਿਹਾ ਹੋਵੇ ਅਤੇ ਉੱਤੋਂ ਪੈਸੇ ਦੁੱਗਣੇ ਹੋਣ ਦਾ ਲਾਲਚ ਵੀ ਹੋਵੇ ਤਾਂ ਫਿਰ ਕਈ ਲਾਲਚੀ ਇਨਸਾਨ ਇਸ ਫਰਾਡ ਵਿੱਚ ਫਸ ਹੀ ਜਾਂਦੇ ਹਨ।ਇਸੇ ਤਰ੍ਹਾਂ ਇਹਨਾਂ ਨੇ ਆਪਣੇ ਕਰੀਬੀਆਂ ਦੇ ਪੈਸੇ ਕੰਪਨੀ ਵਿੱਚ ਲਗਵਾ ਦਿੱਤੇ ਬਸ ਫਿਰ ਕੀ ਸੀ ਕੰਪਨੀ ਨੇ ਜਦੋਂ ਦੇਖਿਆ ਕਿ ਕਰੋੜਾਂ ਲੋਕਾਂ ਨੇ ਪੈਸੇ ਸਾਡੀ ਕੰਪਨੀ ਵਿੱਚ ਇਨਵੈਸਟਮੈਂਟ ਕਰ ਦਿੱਤੇ ਹਨ ਤਾਂ ਕੰਪਨੀ ਦਾ ਅਚਾਨਕ ਆਈ.ਡੀ ਤੋਂ ਲੋਗਿਨ ਹੋਣਾ ਬੰਦ ਹੋ ਗਿਆ ਅਤੇ ਨਿਵੇਸ਼ਕਾਂ ਵਿੱਚ ਹਾਹਾਕਾਰ ਮੱਚ ਗਈ। ਸਾਰੇ ਨਿਵੇਸ਼ਕਾਂ ਨੇ ਜਿੰਨਾ ਦੇ ਅਧੀਨ ਪੈਸੇ ਲਗਾਏ ਹੋਏ ਸਨ ਉਹਨਾਂ ਨੂੰ ਫੋਨ ਕਰਨਾ ਸ਼ੁਰੂ ਕੀਤਾ ਅਤੇ ਉਹਨਾਂ ਨੇ ਅੱਗੋਂ ਭਰੋਸਾ ਦਿੱਤਾ ਕਿ ਬਹੁਤ ਜਲਦੀ ਕੰਪਨੀ ਦਾ ਲੋਗਿਨ ਸ਼ੁਰੂ ਹੋ ਜਾਵੇਗਾ ਤੁਸੀਂ ਘਬਰਾਉ ਨਾਂ।ਇਕ ਮਹੀਨਾ ਬੀਤ ਜਾਣ ਤੋਂ ਬਾਅਦ ਕੰਪਨੀ ਨੇ ਕੋਈ ਅਪਡੇਟ ਨਹੀਂ ਦਿੱਤੀ ਪਰ ਨਿਵੇਸ਼ਕਾਂ ਨੂੰ ਲੁੱਟਣ ਦਾ ਇਕ ਹੋਰ ਝਟਕਾ ਦਿੱਤਾ ਅਤੇ ਕਿਹਾ ਕਿ ਤੁਸੀਂ ਪੰਜ -ਪੰਜ ਹਜ਼ਾਰ ਰੁਪਏ ਹੋਰ ਇਨਵੈਸਟਮੈਂਟ ਕਰੋ ਤਾਂ ਤੁਹਾਡੇ ਪੁਰਾਣੇ ਪੈਸੇ ਜ਼ੋ ਦੁੱਗਣੇ ਹੋਏ ਹਨ ਉਹ ਨਿਕਲਣੇ ਸ਼ੁਰੂ ਹੋ ਜਾਣਗੇ। ਜਿਹੜੇ ਬਹੁਤ ਜ਼ਿਆਦਾ ਲਾਲਚੀ ਇਨਸਾਨ ਸਨ ਉਹਨਾਂ ਨੇ ਪੰਜ -ਪੰਜ ਹਜ਼ਾਰ ਰੁਪਏ ਹੋਰ ਇਨਵੈਸਟਮੈਂਟ ਕਰ ਦਿੱਤੇ ।ਇਸ ਤੋਂ ਬਾਅਦ ਕੰਪਨੀ ਬਿਲਕੁੱਲ ਬੰਦ ਹੋ ਗਈ ਅਤੇ ਨਿਵੇਸ਼ਕਾਂ ਨੇ ਇਕ ਦੂਸਰੇ ਨਾਲ ਲੜਣਾ ਸ਼ੁਰੂ ਕਰ ਦਿੱਤਾ।ਇਹ ਧੋਖਾਧੜੀ ਵਾਲੀਆਂ ਕੰਪਨੀਆਂ ਇਨਸਾਨਾਂ ਨੂੰ ਰਾਤੋ ਰਾਤ ਅਮੀਰ ਕਰਨ ਦਾ ਸੁਪਨਾ ਦਿਖਾ ਕੇ ਕਰੋੜਾਂ ਰੁਪਏ ਲੁੱਟ ਕੇ ਹਰ ਸਾਲ ਫ਼ਰਾਰ ਹੋ ਜਾਂਦੀਆਂ ਹਨ ਅਤੇ ਹਰ ਸਾਲ ਨਵੀਆਂ ਕੰਪਨੀਆਂ ਆ ਜਾਂਦੀਆਂ ਹਨ। ਸਾਨੂੰ ਪਤਾ ਵੀ ਹੁੰਦਾ ਹੈ ਕਿ ਸਾਡੇ ਪੈਸੇ ਡੁੱਬ ਸਕਦੇ ਹਨ ਪਰ ਅਸੀਂ ਫਿਰ ਵੀ ਲਾਲਚ ਵੱਸ ਪੈ ਕੇ ਆਪਣੀ ਮਿਹਨਤ ਦੀ ਪੂੰਜੀ ਲਗਾ ਕੇ ਇਮਾਨਦਾਰੀ ਦੀ ਕਮਾਈ ਗਵਾ ਬੈਠਦੇ ਹਨ।ਇਸ ਲਈ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਅਸੀਂ ਮਿਹਨਤ ਕਰੀਏ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਖਾਈਏ ਅਤੇ ਆਪਣੇ ਬੱਚਿਆਂ ਨੂੰ ਵੀ ਸਮਝਾਈਏ ਕਿ ਸਾਨੂੰ ਜ਼ਿੰਦਗੀ ਵਿੱਚ ਹਮੇਸ਼ਾ ਮਿਹਨਤ ਕਰਨੀ ਚਾਹੀਦੀ ਹੈ ਨਾਂ ਕਿ ਅਮੀਰ ਹੋਣ ਦਾ ਸ਼ਾਰਟਕੱਟਾਂ ਰਸਤਾ ਲੱਭਣਾ ਚਾਹੀਦਾ ਹੈ। ਸਰਕਾਰ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਜਿਹੜੇ ਟਰੈਜ਼ਰ ਐਨ.ਐਫ.ਟੀ ਕੰਪਨੀ ਦੇ ਆਗੂਆਂ ਨੇ ਕਰੋੜਾਂ ਰੁਪਏ ਲੁੱਟੇ ਹਨ ਉਹਨਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਦੋਸ਼ੀਆਂ ਨੂੰ ਸਲਾਖ਼ਾਂ ਦੇ ਪਿੱਛੇ ਕੀਤਾ ਜਾਵੇ ਤਾਂ ਜ਼ੋ ਅੱਗੇ ਤੋਂ ਕਿਸੇ ਕੰਪਨੀ ਦੀ ਹਿੰਮਤ ਨਾ ਹੋਵੇ ਕਿ ਆਮ ਲੋਕਾਂ ਦੀ ਲੁੱਟ ਕਰ ਸਕੇ।

## ਵੱਸਦਾ ਰਹੁ ਆਜ਼ਾਦ ਕੈਨੇਡਾ




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ, ਵੱਸਦਾ ਰਹੁ ਆਜ਼ਾਦ ਕੈਨੇਡਾ।
ਵੰਨ ਸੁਵੰਨੇ ਧੀਆਂ ਪੁੱਤਰ, ਰੱਖੀਂ ਸਦਾ ਆਬਾਦ ਕੈਨੇਡਾ।

ਤੇਰੇ ਮੈਪਲ ਹੇਠਾਂ ਬੈਠੇ, ਸਾਡੇ ਬੋਹੜਾਂ ਵਰਗੇ ਬਾਬੇ ।
ਕਹਿੰਦੇ ਕਦੇ ਉਲਾਰ ਨਾ ਹੋਵਣ ਤੇਰੇ ਘਰ ਇਨਸਾਫ਼ ਦੇ ਛਾਬੇ।
ਤੇਰੇ ਜਲ ਵਿਚ ਸਾਡੀ ਮਿਸ਼ਰੀ, ਸ਼ਰਬਤ ਬੜਾ ਸੁਆਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਜਿਸ ਧਰਤੀ ਤੇ ਆਦਰ ਹੋਵੇ, ਕਦੇ ਬੇਗਾਨਾ ਦੇਸ਼ ਨਹੀਂ ਹੁੰਦਾ।
ਮਨ ਦਾ ਮੋਰ ਜੇ ਪੈਲਾਂ ਪਾਵੇ, ਕੋਈ ਵੀ ਥਾਂ ਪ੍ਰਦੇਸ ਨਹੀਂ ਹੁੰਦਾ।
ਤੇਰੀ ਵੰਨਸੁਵੰਨਤਾ ਵਾਲਾ, ਗੂੰਜੇ ਅਨਹਦ ਨਾਦ ਕੈਨੇਡਾ।
ਤੇਰੀਆਂ ਖੁਸ਼ੀਆਂ ਵਿਚ ਮੈਂ ਸ਼ਾਮਲ...

ਤੇਰੇ ਘਰ ਵਿਚ ਵੇਖੀਂ ਕਿਧਰੇ, ਲੁੱਟੇ ਨਾ ਕੋਈ ਕਿਰਤ ਕਮਾਈ।
ਕੰਮੀਂ ਕਾਰੀਂ ਰੁੱਝੇ ਗੱਭਰੂ, ਮੁਟਿਆਰਾਂ ਤੇ ਮਾਈ ਭਾਈ।
ਕੁੱਲ ਦੁਨੀਆਂ ਦੇ ਪੁੱਤਰ ਤੇਰੀ ਸ਼ਕਤੀ ਬਣੇ ਫ਼ੌਲਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਰਹਿਣ ਸਲਾਮਤ ਤੇਰੇ ਵਿਹੜੇ, ਸੂਹੇ ਸੁਪਨੇ ਤੇ ਫੁੱਲ ਪੱਤੀਆਂ।
ਜੀਵਣ ਜਾਗਣ ਠੰਢੀਆਂ ਛਾਵਾਂ, ਵਗਣ ਹਵਾਵਾਂ ਮਹਿਕਾਂ ਮੱਤੀਆਂ।
ਮਾਂ ਬੋਲੀ ਨੂੰ ਭੁੱਲ ਕੇ ਮਾਪੇ, ਗੁਆ ਨਾ ਬਹਿਣ ਔਲਾਦ ਕੈਨੇਡਾ।
ਤੇਰੀਆਂ ਖੁਸ਼ੀਆਂ ਵਿਚ ਮੈਂ ਸ਼ਾਮਲ...

ਜੇ ਪੁੱਤਰਾਂ ਦਾ ਮੋਹ ਟੁੱਟ ਜਾਵੇ, ਉਹ ਧਰਤੀ ਫਿਰ ਮਾਂ ਨਹੀਂ ਰਹਿੰਦੀ।
ਪੁੱਤਰ-ਪੱਤਰ ਜੇ ਝੜ ਜਾਵਣ, ਰੁੱਖਾਂ ਪੱਲੇ ਛਾਂ ਨਹੀਂ ਰਹਿੰਦੀ।
ਸਾਡੇ ਵੀਰਾਂ ਨੂੰ ਸਮਝਾਵੀਂ, ਫਿਰ ਤੇਰਾ ਧੰਨਵਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਰੇਸ਼ਮ ਦੇ ਧਾਗੇ ਜਹੇ ਬੱਚੜੇ, ਸਾਂਝੇ ਸੁਪਨਿਆਂ ਦੀ ਫੁਲਕਾਰੀ।
ਮੇਰੇ ਪਿੰਡ ਦੇ ਧੀਆਂ ਪੁੱਤਰਾਂ, ਤੇਰੀ ਸੋਹਣੀ ਧਰਤ ਸ਼ਿੰਗਾਰੀ।
ਬਿਰਧ ਸਰੀਰਾਂ ਦਾ ਹੱਥ ਸਿਰ 'ਤੇ, ਰੱਖੀਂ ਦਿਲ ਵਿਚ ਯਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ...

ਸਾਂਝੀ ਰੱਤ ਦੇ ਕਾਰਨ ਦਮਕੇ, ਤੇਰੇ ਝੰਡੇ ਵਿਚ ਜੋ ਲਾਲੀ।
ਵਿਸ਼ਵ ਅਮਨ ਦੇ ਚਿੱਟੇ ਰੰਗ ਨੇ, ਤੇਰੀ ਅਜ਼ਮਤ ਸਦਾ ਸੰਭਾਲੀ।
ਬੁਰਿਆਂ ਨਾਲ ਯਾਰਾਨੇ ਪਾ ਕੇ, ਹੋ ਜਾਏਂਗਾ ਬਰਬਾਦ ਕੈਨੇਡਾ।
ਤੇਰੀਆਂ ਖ਼ੁਸ਼ੀਆਂ ਵਿਚ ਮੈਂ ਸ਼ਾਮਲ, ਵੱਸਦਾ ਰਹੁ ਆਜ਼ਾਦ ਕੈਨੇਡਾ।

## ਪ੍ਰੀਤ ਨਗਰ ਦੀ ਸੈਰ

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਹਠੂਰ



ਸ਼ਬਦਾਂ ਦੇ ਜਾਦੂਗਰ ਗੁਰਬਖਸ਼ ਸਿੰਘ ਪ੍ਰੀਤਲੜੀ ਦੁਆਰਾ ਅੰਮ੍ਰਿਤਸਰ ਲਾਹੌਰ ਦੇ ਵਿਚਕਾਰ ਵਸਾਇਆ ਪ੍ਰੀਤ ਨਗਰ ਦੇਖਣ ਦਾ ਸਬੱਬ ਬਣਿਆ ਜਿਸ ਬਾਰੇ ਮੈਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਕਿਤਾਬਾਂ ਵਿੱਚ ਪੜ੍ਹਦਾ ਰਿਹਾ ਸੀ। ਵਰਣਨਯੋਗ ਹੈ ਕਿ ਮੇਰੀ ਸਾਹਿਤ ਪੜ੍ਹਨ ਦੀ ਲਗਨ ਵਧਾਉਣ ਵਿੱਚ ਗੁਰਬਖਸ਼ ਸਿੰਘ ਪ੍ਰੀਤਲੜੀ ਦੀਆਂ ਲਿਖਤਾਂ ਦਾ ਕਾਫੀ ਅਹਿਮ ਯੋਗਦਾਨ ਹੈ।

ਬਹੁਪੱਖੀ ਸਖਸ਼ੀਅਤ ਜਨਮੇਜਾ ਸਿੰਘ ਜੌਹਲ ਅਤੇ ਲੈਕਚਰਾਰ ਅਮਰਜੀਤ ਸਿੰਘ ਚੀਮਾ ਨਾਲ ਪ੍ਰੋਗਰਾਮ ਬਣਿਆ ਤਾਂ ਮੇਰਾ ਚਿਰਾਂ ਤੋਂ ਪ੍ਰੀਤ ਨਗਰ ਦੇਖਣ ਦਾ ਸੁਪਨਾ ਸਾਕਾਰ ਹੋਇਆ।

ਜਦੋਂ ਅਸੀਂ ਅੰਮ੍ਰਿਤਸਰ ਹੁੰਦੇ ਹੋਏ ਲੋਪੋਕੇ ਪਿੰਡ ਵਿੱਚ ਦੀ ਪ੍ਰੀਤ ਨਗਰ ਪਹੁੰਚੇ ਤਾਂ ਸਾਨੂੰ ਇੱਕ ਫਲ਼ਦਾਰ ਬਾਗ ਵਾਲ਼ੇ ਘਰ ਵਿੱਚ ਮੈਡਮ ਪੂਨਮ ਸਿੰਘ ਮਿਲੇ ਜਿਹਨਾਂ ਨੇ ਸਾਡਾ ਬੜੇ ਅਦਬ ਨਾਲ ਸਵਾਗਤ ਕੀਤਾ। ਸਾਥੀਆਂ ਨਾਲ ਜਾਣ ਪਹਿਚਾਣ ਹੋਈ।

ਹੁਣ ਪ੍ਰੀਤਲੜੀ ਦੇ ਸੰਪਾਦਕ ਪੂਨਮ ਸਿੰਘ ਜੀ ਹਨ ਚਾਹ ਪੀਂਦਿਆਂ ਉਹਨਾਂ ਨਾਲ ਅਤੇ ਉਹਨਾਂ ਦੇ ਪਤੀ ਰੱਤੀਕਾਂਤ ਜੀ ਨਾਲ ਪ੍ਰੀਤ ਨਗਰ ਬਾਰੇ ਕਾਫੀ ਗੱਲਾਂ ਬਾਤਾਂ ਹੋਈਆਂ। ਉਹਨਾਂ ਨੇ ਲੇਖਕਾਂ ਦੀਆਂ ਯਾਦਗਾਰਾਂ ਦਿਖਾ ਕੇ ਪੁਰਾਣੀਆਂ ਯਾਦਾਂ ਤਾਜ਼ਾ ਕਰਵਾਈਆਂ। ਪ੍ਰੀਤ ਨਗਰ ਵਿੱਚ ਇਹਨਾਂ ਲੇਖਕਾਂ ਦੀ ਯਾਦ ਵਿੱਚ ਇੱਕ ਅਜਾਇਬ ਘਰ ਅਤੇ ਲਾਇਬ੍ਰੇਰੀ ਹੈ, ਨਾਟਕਕਾਰਾਂ ਲਈ ਥੀਏਟਰ ਬਣਾਇਆ ਗਿਆ ਹੈ।

ਪੁਰਾਣੇ ਪੰਜਾਬ ਦੀ ਵੰਡ ਕਾਰਨ ਪੰਜਾਬ ਦਾ ਵੱਡੇ ਪੱਧਰ 'ਤੇ ਸਾਹਿਤਕ,ਇਤਿਹਾਸਕ,ਸੱਭਿਆਚਾਰਕ ਨੁਕਸਾਨ ਹੋਇਆ। ਇਸ ਅਣਚਾਹੀ ਵੰਡ ਕਾਰਨ ਪ੍ਰੀਤ ਨਗਰ ਨੂੰ ਜਿਹੜੇ ਸੁਪਨੇ ਸੰਜੋ ਕੇ ਬਣਾਇਆ ਗਿਆ ਸੀ ਉਹ ਸੁਪਨੇ ਅਧੂਰੇ ਰਹਿ ਗਏ ਫੇਰ ਵੀ ਇਹਨਾਂ ਮਹਾਨ ਲੇਖਕਾਂ ਦੇ ਘਰਾਂ ਨੂੰ ਚੰਗੀ ਹਾਲਤ ਵਿੱਚ ਸੰਭਾਲਿਆ ਹੋਇਆ ਦੇਖ ਕੇ ਚੰਗਾ ਲੱਗਿਆ। ਗੁਰਬਖਸ਼ ਸਿੰਘ ਪ੍ਰੀਤ ਲੜੀ ,ਨਾਵਲਕਾਰ ਨਾਨਕ ਸਿੰਘ, ਨਾਟਕਕਾਰ ਬਲਵੰਤ ਗਾਰਗੀ ਵਰਗੇ ਲੇਖਕਾਂ ਦੀ ਰਿਹਾਇਸ਼ਗਾਹ ਬਣਿਆ ਪ੍ਰੀਤ ਨਗਰ ਅਜੇ ਵੀ ਪੰਜਾਬੀ ਪਿਆਰਿਆਂ ਨੂੰ ਅਵਾਜ਼ਾਂ ਮਾਰਦਾ ਹੈ। ਪ੍ਰੀਤ ਨਗਰ ਵਿੱਚ ਪ੍ਰੀਤ ਲੜੀ ਰਸਾਲਾ ਲੰਬੇ ਸਮੇਂ ਤੋਂ ਛਪਦਾ ਰਿਹਾ ਜੋ ਹੁਣ ਪੂਨਮ ਸਿੰਘ ਦੁਆਰਾ ਛਾਪਿਆ ਜਾ ਰਿਹਾ ਹੈ ਅਤੇ ਪੰਜਾਬ ਦੇ ਅਹਿਮ ਰਸਾਲੇ ਵਜੋਂ ਪਾਠਕਾਂ ਵੱਲੋਂ ਪੜ੍ਹਿਆ ਜਾ ਰਿਹਾ ਹੈ। ਪੰਜਾਬੀਅਤ ਨੂੰ,ਸਾਹਿਤ ਨੂੰ ਪਿਆਰ ਕਰਨ ਵਾਲੇ ਲੋਕਾਂ ਨੂੰ ਪ੍ਰੀਤ ਨਗਰ ਵਰਗੇ ਵਿਲੱਖਣ ਸਥਾਨਾਂ ਦੀ ਯਾਤਰਾ ਜਰੂਰ ਕਰਨੀ ਚਾਹੀਦੀ ਹੈ ਅਤੇ ਪ੍ਰੀਤ ਲੜੀ ਮੈਗਜ਼ੀਨ ਨਾਲ ਜੁੜ ਕੇ ਸਾਹਿਤ ਦੀ ਸਾਂਝ ਨੂੰ ਹੋਰ ਪਕੇਰਾ ਕਰਨ ਦੀ ਲੋੜ ਹੈ

## ਆਓ ਜਾਣੀਏ ਕੀ ਹੈ ਬਲੈਕ ਬਾਕਸ!

ਵਰਲਡ ਪੰਜਾਬੀ ਟਾਈਮਜ਼
ਦੀਪਕ ਗਾਂਧੀ

ਅਸੀਂ ਸਫ਼ਰ ਤਹਿ ਕਰਨ ਲਈ ਕਿਸੇ ਨਾ ਕਿਸੇ ਵਾਹਨ ਦੀ ਵਰਤੋਂ ਕਰਦੇ ਹਾਂ ਨੇੜੇ ਦਾ ਸਫ਼ਰ ਹੋਵੇ ਤਾਂ ਸਾਈਕਲ, ਮੋਟਰ ਸਾਈਕਲ ਆਦਿ ਜੇ ਦੂਰ ਦਾ ਸਫ਼ਰ ਤਹਿ ਕਰਨਾ ਹੋਵੇ ਕਾਰ, ਬੱਸ, ਰੇਲ ਆਦਿ ਤੇ ਦੇਸ਼ਾਂ ਵਿਦੇਸ਼ਾਂ ਦਾ ਸਫ਼ਰ ਤਹਿ ਕਰਨ ਲਈ ਹਵਾਈ ਜਹਾਜ ਰਾਹੀਂ ਯਾਤਰਾ ਕਰਦੇ ਹਾਂ। ਬੀਤੇ ਦਿਨੀ 12 ਜੂਨ ਨੂੰ ਹੋਈ ਨਾ ਭੁੱਲਣਯੋਗ ਹਵਾਈ ਜਹਾਜ਼ ਦੁਰਘਟਨਾ ਨੇ ਸਭ ਦੇ ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹਵਾਈ ਜਹਾਜ਼ ਜੋ ਕਿ ਅਹਿਮਦਾਬਾਦ ਤੋਂ ਇੰਗਲੈਂਡ ਲਈ ਉਡਾਣ ਭਰੀ ਅਤੇ ਕੁੱਝ ਹੀ ਪਲ ਵਿੱਚ ਕਰੈਸ਼ ਕਰ ਗਿਆ ਇਸ ਦੇ ਪਿੱਛੇ ਦਾ ਕਾਰਨ ਜਾਨਣ ਲਈ ਬਲੈਕ ਬਾਕਸ ਦੀ ਬਹੁਤ ਜਰੂਰਤ ਹੈ ਆਓ ਜਾਣਦੇ ਹਾਂ ਕੀ ਹੈ ਬਲੈਕ ਬਾਕਸ? ਬਲੈਕ ਬਾਕਸ ਹਰ ਜਹਾਜ਼ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ ਤੇ ਜਿਸ ਵਿੱਚ ਉਡਾਣ ਦਾ ਸਾਰਾ ਡਾਟਾ ਦਰਜ ਹੁੰਦਾ ਹੈ। ਇਸ ਲਈ ਹਾਦਸੇ ਤੋਂ ਬਾਅਦ ਪਹਿਲਾਂ ਇਸ ਨੂੰ ਖੋਜਿਆਂ ਜਾਂਦਾ ਹੈ ਤਾਂ ਜੋ ਹਾਦਸੇ ਦਾ ਕਾਰਨ ਪਤਾ ਲੱਗ ਸਕੇ। ਬਲੈਕ ਬਾਕਸ ਦੀ ਖੋਜ ਅਸਟ੍ਰੇਲੀਆ ਦੇ ਵਿਗਿਆਨੀ ਡਾ ਡੇਵਿਡ ਵਾਰਨ ਨੇ 1950 ਈ ਵਿੱਚ ਕੀਤੀ ਸੀ। ਹਵਾਈ ਜਹਾਜ਼ ਵਿੱਚ ਵਰਤਿਆ ਜਾਣ ਵਾਲਾ ਬਲੈਕ ਬਾਕਸ ਅਸਲ ਵਿੱਚ ਚਮਕਦਾਰ ਸੰਤਰੀ ਰੰਗ ਦਾ ਬਣਾਇਆ ਜਾਂਦਾ ਹੈ ਪਰ ਤਕਨੀਕੀ ਕਾਰਨਾਂ ਕਰਕੇ ਇਸ ਨੂੰ ਬਲੈਕ ਬਾਕਸ ਨਾਮ ਦਿੱਤਾ ਗਿਆ ਹੈ। ਬਲੈਕ ਬਾਕਸ ਨੂੰ ਚਮਕਦਾਰ ਸੰਤਰੀ ਰੰਗ ਵਿਚ ਪੇਂਟ ਕਰਨ ਦਾ ਮੁੱਖ ਕਾਰਨ ਇਹ ਹੈ ਕਿ ਕਿਸੇ ਹਾਦਸੇ ਤੋਂ ਬਾਅਦ ਇਸ ਨੂੰ ਆਸਾਨੀ ਨਾਲ ਲੱਭਿਆ ਜਾ ਸਕੇ। ਜਹਾਜ਼ ਹਾਦਸੇ ਤੋਂ ਬਾਅਦ ਮਲਬੇ ਵਿੱਚ ਬਲੈਕ ਬਾਕਸ ਲੱਭਣਾ ਮੁਸ਼ਕਲ ਹੁੰਦਾ ਹੈ। ਸੰਤਰੀ ਰੰਗ ਆਸਾਨੀ ਨਾਲ ਦਿਖਾਈ ਦਿੰਦਾ ਹੈ। ਇਹ ਯੰਤਰ ਸਟੀਲ ਜਾਂ ਟਾਈਟੇਨੀਅਮ ਵਰਗੀਆਂ ਮਜ਼ਬੂਤ ਧਾਤਾਂ ਦੇ ਬਣੇ ਹੁੰਦੇ ਹਨ ਤੇ ਇਹ ਅੱਗ, ਪਾਣੀ ਅਤੇ ਭਾਰੀ ਦਬਾਅ ਦਾ ਸਾਹਮਣਾ ਕਰ ਸਕਦੇ ਹਨ। ਬਲੈਕ ਬਾਕਸ ਨੂੰ 1100°C ਤੱਕ ਦੇ ਤਾਪਮਾਨ ਵਿੱਚ ਲਗਭਗ 60 ਮਿੰਟਾਂ ਲਈ ਬਚਣ ਲਈ ਤਿਆਰ ਕੀਤਾ ਗਿਆ ਹੈ। ਭਾਵੇਂ ਜਹਾਜ਼ ਸੜ ਜਾਵੇ, ਇਸ ਦਾ ਡੇਟਾ ਸੁਰੱਖਿਅਤ ਰਹਿੰਦਾ ਹੈ। ਬਲੈਕ ਬਾਕਸ ਵਿੱਚ ਇਕ ਬੀਕਨ ਹੈ, ਜੋ ਪਾਣੀ ਵਿਚ ਵੀ 30 ਦਿਨਾਂ ਲਈ ਸਿਗਨਲ ਭੇਜਦਾ ਰਹਿੰਦਾ ਹੈ। ਯੰਤਰ ਦਾ ਸੰਤਰੀ ਰੰਗ ਸਮੁੰਦਰ ਦੇ ਅੰਦਰ ਇਸ ਨੂੰ ਲੱਭਣ ਵਿਚ ਮਦਦ ਕਰਦਾ ਹੈ। ਬਲੈਕ ਬਾਕਸ ਦੇ ਦੋ ਮੁੱਖ ਹਿੱਸੇ ਹੁੰਦੇ ਹਨ। ਪਹਿਲਾ ਫਲਾਈਟ ਡੇਟਾ ਰਿਕਾਰਡਰ ਹੈ। ਜਿਸ ਨੂੰ FDR ਵਜੋਂ ਜਾਣਿਆ ਜਾਂਦਾ ਹੈ। ਇਹ ਉਡਾਣ ਨਾਲ ਸਬੰਧਤ ਤਕਨੀਕੀ ਜਾਣਕਾਰੀ ਰਿਕਾਰਡ ਕਰਦਾ ਹੈ। ਇਹ ਜਹਾਜ਼ ਦੀ ਗਤੀ, ਉਚਾਈ, ਦਿਸ਼ਾ, ਇੰਜਣ ਦੀ ਕਾਰਗੁਜ਼ਾਰੀ, ਜਹਾਜ਼ ਦੇ ਪਾਇਲਟ ਦੁਆਰਾ ਖੋਜੇ ਗਏ ਨਿਯੰਤਰਣ ਪੱਧਰਾਂ ਦੀ ਸਥਿਤੀ ਨੂੰ ਰਿਕਾਰਡ ਕਰਦਾ ਹੈ।ਬਲੈਕ ਬਾਕਸ ਦਾ ਦੂਜਾ ਹਿੱਸਾ ਕਾਕਪਿਟ ਵਾਇਸ ਰਿਕਾਰਡਰ ਹੈ। ਇਸ ਨੂੰ CVR ਵਜੋਂ ਜਾਣਿਆ ਜਾਂਦਾ ਹੈ। ਇਹ ਕਾਕਪਿਟ ਵਿਚ ਹੋਣ ਵਾਲੀਆਂ ਗੱਲਬਾਤਾਂ ਅਤੇ ਆਵਾਜ਼ਾਂ ਨੂੰ ਰਿਕਾਰਡ ਕਰਦਾ ਹੈ। ਇਹ ਪਾਇਲਟ ਵਿਚਕਾਰ ਗੱਲਬਾਤ ਨੂੰ ਰਿਕਾਰਡ ਕਰਦਾ ਹੈ। ਸੋ ਜੇਕਰ ਹਾਦਸੇ ਦਾ ਕਾਰਨ ਪਤਾ ਲੱਗ ਜਾਵੇ ਤਾਂ ਭਵਿੱਖ ਵਿੱਚ ਯਾਤਰਾ ਹੋਰ ਸੁਰੱਖਿਅਤ ਹੋ ਸਕਦੀ ਹੈ ਅਤੇ ਜਾਨੀ 'ਤੇ ਮਾਲੀ ਬਚਾ ਹੋ ਸਕਦਾ ਹੈ।